ਜੂਨ 2002

# ਅੰਮ੍ਰਿਤੁ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 6 ◆ ਸਾਲ ਚੌਦਵਾਂ ◆ ਜੂਨ 2002



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ . ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਨ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | ਪਾਠਕਾਂ ਦੇ ਪੱਤਰ |
| ਕਰਉ ਬੇਨੰਤੀਆ | 4 | ਸੰਪਾਦਕੀ |
| ਗੁਰਮਤਿ ਸੰਗੀਤ : ਪ੍ਰਮੁੱਖ ਸਾਜ਼ | 5 | ਡਾ. ਗੁਰਨਾਮ ਸਿੰਘ |
| ਕਲਯੁਗ ਮਹਿ ਕੀਰਤਨ ਪਰਧਾਨਾ | 15 | ਕਰਤਾਰ ਸਿੰਘ ਨੀਲਧਾਰੀ |
| ਵਰਤਮਾਨ ਸਮੇਂ 'ਚ ਵੱਧ ਰਿਹਾ ਤਬਲੇ ਦਾ ਮਹੱਤਵ | 20 | ਕਮਲੇਸ਼ਇੰਦਰ ਸਿੰਘ 'ਸ਼ਰਮਾ' |
| ਇੱਕ ਗੁਰਸਿੱਖ, ਸੰਜਮੀ ਤੇ ਨਿਰਵੈਰ ਅਜ਼ੀਜ਼... | 23 | ਪ੍ਰੋਫੈਸਰ ਜਸਵੰਤ ਸਿੰਘ ਫੁੱਲ |
| ਧੰਨ ਕੀਰਤਨੀਏ ਧੰਨ ਸਰੋਤੇ | 25 | ਰੇਣੁਕਾ ਸਰਬਜੀਤ ਸਿੰਘ |
| ਖ਼ਬਰਨਾਮਾ | 27 | ਗੁਰਦੁਆਰਾ ਗਜ਼ਟ ਅਤੇ 'ਪੰਜਾਬੀ ਟ੍ਰਿਬਿਊਨ' ਵਿੱਚੋਂ |
| Japji Sahib | 29 | Bhagwant Singh Dalawari |
| ਸੁਰ ਲਿਪੀਆਂ | 33 | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਗ ਪਹਿਲਾ) |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 35 | ਮਨਮੋਹਨ ਸਿੰਘ |



◆ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

◆ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

◆ Donations are eligible for relief u/s 80 G of Income-Tax Act, 1961
vide CIT/ CHD/ 126/ 80-G/ Tech./ 3861 dated 30/8/2001 valid upto 31/3/2002

ਚੰਦੇ ਦਾ ਵੇਰਵਾ :

◆ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ.. ਜੀਵਨ ਮੈਂਬਰ (15 ਸਾਲ) 1500 ਰੁ.

◆ ਵਿਦੇਸ਼: ਸਲਾਨਾ 30 $. ਜੀਵਨ ਮੈਂਬਰ (30 ਸਾਲ) 300 S

◆ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

**ਰਚਨਾਵਾਂ ਭੇਜਣ ਲਈ ਪਤਾ :**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐਸ.ਸੀ.ਐਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
*sohal specials*
**Designers & Printers**
**Ph: 391443 Pg: 9610408677**

# ਮਿਤ੍ਰ ਅਸਾਡੜੇ ਸੇਈ

♦ ਤੁਹਾਡੀ ਖ਼ਬਰ ਮੈਨੂੰ ਮਿਲਦੀ ਰਹੀ ਹੈ। ਪਰ ਮੇਰੇ ਕੋਲ ਸਾਧਨ ਨਾ ਹੋਣ ਕਰਕੇ ਆਪ ਜੀ ਦੀ ਮਿਜ਼ਾਜ਼ ਪੁਰਸ਼ੀ ਲਈ ਮੈਂ ਆ ਨਹੀਂ ਸਕਿਆ, ਉਮੀਦ ਹੈ ਇਸ ਲਈ ਮੈਨੂੰ ਮੁਆਫ ਕਰੋਗੇ। ਇੰਨੇ ਵੱਡੇ ਹਾਦਸੇ ਕਦੇ ਜ਼ਿੰਦਗੀ 'ਚ ਹੋ ਜਾਣਗੇ, ਇਨਸਾਨ ਕਦੇ ਸੋਚ ਭੀ ਨਹੀਂ ਸਕਦਾ। ਤੁਹਾਡੇ ਤੇ ਅਕਾਲ ਪੁਰਖ ਦੀ ਮਹਾਨ ਕਿਰਪਾ ਹੈ, ਇਸਨੂੰ ਭਾਣਾ ਮੰਨਕੇ ਤਸਲੀਮ ਕੀਤਾ ਹੋਵੇਗਾ। ਹੌਲੀ-ਹੌਲੀ ਇਸ ਨਵੀਂ ਜ਼ਿੰਦਗੀ ਦੇ ਆਦੀ ਹੋ ਜਾਵੋਗੇ, ਅਤੇ ਜੀਵਨ ਨੂੰ ਇਸ ਵਿੱਚ ਢਾਲ ਲਵੋਗੇ ਅਤੇ ਕੰਮ ਤੇ ਜਾਣਾ ਸ਼ੁਰੂ ਕਰ ਦੇਵੋਗੇ। ਉਸਦਾ ਭਾਣਾ ਮੰਨੋਗੇ ਤਾਂ ਦੁੱਖ ਮਹਿਸੂਸ ਨਹੀਂ ਹੋਵੇਗਾ।

*- ਪਿਆਰਾ ਸਿੰਘ ਪਦਮ, ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ 140 118*

♦ Enclosed please find cheque No. 896738 dated 16/4/2002 for Rs. 1,000/- (Rupees on thousand) only drawn on Punjab & Singh Bank, Jangpura Extension, New Delhi.

Deposit this in your bank account. The bank would give you straightway full credit without any charges. No collection charges or waiting period for collection would be there in terms of Reserve Bank instructions.

I learn from the Amrit Kirtan that you had a providential escape from an accident. May Guru's grace be on you. I hope you are now fully recovered.

*- **Harbhajan Singh**, F-9, Jangpura Extn., New Delhi 110 014*

♦ I am writing this letter on behalf of my dear mother Sardarni Pritam Kaur ji. She belongs to the yester-years "school of thought" where the Sikhism was very deep rooted and love for 'Khalsa' was immense. My mother has a lot of inner strength. Most Sikh people belonging to that are very strong, truthful and very very honest. Godlinesss reflects on their faces. I always wonder where they get their strength from? Answer is very simple, they get all their strength from Gurbani. Our older generation recited and meditated Gurbani from an early age which became their routine. As a result of which, their life is full of endless joy and bliss.

The younger generation has to learn a lot from their elders search for the strength within. Once the search is complete, life will be more fruitful and meaningfull. Our real inheritance shall be inbuilt strength of our elders who stood like a rock at difficult times. They had immense faith in Guru Granth Sahib.

These are some of the thoughts of my mother, which I tried to pen down. My mother and myself wish you a speedy recovery and good health. Sadh-Sangat of Delhi has been deprived of your love and affection for a long time. We sincerely hope to see you soon.

Indian Bank cheque No 342809 dated 01 May 2002 for Rs. 1000/- in the name of Amrit Kirtan Trust From my mother Sardarni Pritam Kaur ji is enclosed.

My wife and children join me in conveying lots of regards to Mrs. Jagir Singh ji and children. Please take good care of your self.

*- **L. S. Bahl**, C 441, Defence Colony, New Delhi 110 024,*

# WINNERS ARE PEOPLE LIKE YOU.

Winners take chances.
Like everyone else, they fear failing, but they refuse to let fear control them.

Winners don't give up.
When life gets rough. they hang in there until the going gets better.

Winners are flexible.
They realize there is more then one way and are willing to try others.

Winners know they are not perfect.
They respect their weaknesses while making the most of their strengths.

Winners fall, but they don't stay down.
They stubbornly refuse to let a fall keep them from climbing.

Winners don't blame fate for their failures nor luck for their successes.

Winners accept responsibility for their lives.

Winners are positive thinkers who see good in all things. From the ordinary. they make the extraordinary.

Winners believe in the path they have chosen even when it's hard, even when others can't see where they are going.

Winners are patient.
They know a goal is only as worthy as the effort that's required to achieve it.

Winners are people like you.
They make this world a better place to be.

**PAGE SPONSORED BY : AHUJA FAMILY**
C-353, Defence Colony New Delhi 110 024

# ਕਰਉ ਬੇਨੰਤੀਆ

## ਗੁਰਬਾਣੀ ਕੀਰਤਨ ਬਾਰੇ

ਅੱਜਕਲ੍ਹ ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨ ਬਾਰੇ ਚਰਚਾ ਚੱਲ ਰਹੀ ਹੈ। ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਵਿਸ਼ੇ ਬਾਰੇ ਇੱਕ ਮੀਟਿੰਗ ਕੀਤੀ ਸੀ। ਉਦੋਂ ਡਾਕਟਰ ਬਚਨ ਦੇ ਨਾਮ ਹੇਠਾਂ ਬਿਆਨ ਛਪਿਆ ਸੀ ਕਿ ਕਮੇਟੀ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦੇ ਕੀਰਤਨ ਦਾ ਪੱਧਰ ਉੱਚਾ ਚੁੱਕਣ ਦੀ ਕੋਸ਼ਿਸ਼ ਕਰ ਰਹੀ ਹੈ। ਪਿੱਛੇ ਜਿਹੇ ਪ੍ਰਸਿੱਧ ਕਲਾਸੀਕਲ ਗਾਇਕ ਜੋੜੀ ਸਿੰਘ ਬੰਧੂ ਦੇ ਸ੍ਰ. ਸੁਰਿੰਦਰ ਸਿੰਘ ਵਲੋਂ ਵੀ ਅਖ਼ਬਾਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨ ਬਾਰੇ ਕੁਝ ਟਿੱਪਣੀਆਂ ਕੀਤੀਆਂ ਗਈਆਂ ਸਨ। ਇਸ ਬਾਰੇ ਜਤਨ ਤਾਂ ਬੜੀ ਦੇਰ ਤੋਂ ਹੋ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਦਰ ਇੱਕ ਕੀਰਤਨ ਸਬ ਕਮੇਟੀ ਬਣਾਈ ਜਾਂਦੀ ਹੈ। ਇਹ ਕਮੇਟੀ ਨਵੇਂ ਨਿਯੁਕਤ ਕੀਤੇ ਜਾਣ ਵਾਲੇ ਰਾਗੀ ਜਥਿਆਂ ਦਾ ਟੈਸਟ ਲੈਣ ਦੇ ਨਾਲ-ਨਾਲ ਕੀਰਤਨ ਦੇ ਸੁਧਾਰ ਲਈ ਵੀ ਸੁਝਾਅ ਦਿੰਦੀ ਰਹਿੰਦੀ ਹੈ। ਇਸ ਕਮੇਟੀ ਵਿੱਚ ਕੀਰਤਨ ਖੇਤਰ ਦੇ ਉੱਘੇ ਵਿਦਵਾਨ ਸ਼ਾਮਲ ਹੁੰਦੇ ਰਹੇ ਹਨ। ਕੁਝ ਦੇ ਨਾਮ ਮੈਨੂੰ ਅਜੇ ਵੀ ਯਾਦ ਹਨ: ਪ੍ਰਿੰਸੀਪਲ ਸਤਿਬੀਰ ਸਿੰਘ, ਸ੍ਰ. ਜੋਧ ਸਿੰਘ ਆਲ ਇੰਡੀਆ ਰੇਡੀਓ ਵਾਲੇ, ਭਾਈ ਅਰਦਮਨ ਸਿੰਘ ਬਾਗੜੀਆ ਆਦਿ। ਇਹ ਵਿਦਵਾਨ ਸਮੇਂ-ਸਮੇਂ ਬਹੁਮੁੱਲੇ ਸੁਝਾਅ ਦਿੰਦੇ ਰਹੇ ਹਨ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਜਿਸ ਕਿਸਮ ਦੀ ਸਿਆਸਤ ਦਾ ਬੋਲਬਾਲਾ ਹੈ ਉਸ ਕਾਰਨ ਇਹਨਾਂ ਸੁਝਾਵਾਂ ਉੱਤੇ ਪੂਰੀ ਤਰ੍ਹਾਂ ਅਮਲ ਨਹੀਂ ਹੋ ਸਕਿਆ। ਹੁਣ ਵੀ ਇਸ ਕੀਰਤਨ ਸਬ ਕਮੇਟੀ ਵਿਚ ਇਸ ਖੇਤਰ ਦੇ ਚੰਗੇ ਵਿਦਵਾਨ ਸ਼ਾਮਲ ਹਨ ਅਤੇ ਉਹ ਪ੍ਰਬੰਧਕ ਕਮੇਟੀ ਤੋਂ ਕੁਝ ਠੋਸ ਕੰਮ ਕਰਵਾਉਣ ਵਿੱਚ ਸਫਲ ਵੀ ਹੋਏ ਹਨ। ਆਨੰਦਪੁਰ ਸਾਹਿਬ ਵਿਖੇ ਗੁਰਮਤਿ ਸੰਗੀਤ ਅਕੈਡਮੀ ਦੀ ਸਥਾਪਨਾ ਇੱਕ ਮਹੱਤਵਪੂਰਨ ਕਦਮ ਹੈ।

ਦਰਬਾਰ ਸਾਹਿਬ ਵਿੱਚ ਹੁਣ ਵੀ ਕਈ ਚੰਗੇ ਕੀਰਤਨੀਏ ਹਨ ਜਿਹੜੇ ਟਕਸਾਲੀ ਢੰਗ ਨਾਲ ਕੀਰਤਨ ਕਰਦੇ ਹਨ। ਕਈ ਨਵੇਂ ਕੀਰਤਨੀਏ ਮਰਯਾਦਾ ਅਨੁਸਾਰ ਕੀਰਤਨ ਨਹੀਂ ਕਰਦੇ।

ਮੈਨੂੰ ਯਾਦ ਹੈ ਸ੍ਰੀ ਦਰਬਾਰ ਸਾਹਿਬ ਦੇ ਇੱਕ ਮੁੱਖ ਗ੍ਰੰਥੀ ਸਾਹਿਬ ਨੇ ਅੱਜਕਲ੍ਹ ਦੇ ਇੱਕ ਉੱਘੇ ਕੀਰਤਨੀਏ ਬਾਰੇ ਕਿਹਾ ਸੀ:- 'ਭਾਈ ਸਾਹਿਬ ਤੁਹਾਡਾ ਗਲਾ ਬੜਾ ਅੱਛਾ ਹੈ ਪਰ ਤੁਹਾਡੀ ਸ਼ੈਲੀ ਵਿੱਚੋਂ ਗੁਲਾਮ ਅਲੀ ਦੀਆਂ ਗਜ਼ਲਾਂ ਦੀ ਝਲਕ ਵਧੇਰੇ ਪੈਂਦੀ ਹੈ।' ਉਹ ਵਿਦਵਾਨ ਗ੍ਰੰਥੀ ਹਰ ਇੱਕ ਨੂੰ ਸ੍ਰੀ ਦਰਬਾਰ ਸਾਹਿਬ ਕੀਰਤਨ ਕਰਨ ਦੀ ਆਗਿਆ ਨਹੀਂ ਸੀ ਦਿੰਦੇ। ਇਹ ਠੀਕ ਹੈ ਕਿ ਹਰ ਸਧਾਰਨ ਅਤੇ ਵਿਸ਼ੇਸ਼ ਕੀਰਤਨੀਏ ਦੇ ਮਨ ਵਿੱਚ ਸ੍ਰੀ ਦਰਬਾਰ ਸਾਹਿਬ ਵਿੱਚ ਕੀਰਤਨ ਕਰਨ ਦੀ ਇੱਛਾ ਹੁੰਦੀ ਹੈ ਪਰ ਉਸ ਦੀ ਸ਼ਰਧਾ ਦੇ ਨਾਲ-ਨਾਲ ਉਸ ਦੀ ਕਲਾ ਦੇ ਮਿਆਰ ਨੂੰ ਵੀ ਵਾਚ ਲਿਆ ਜਾਵੇ ਤਾਂ ਚੰਗਾ ਹੈ। ਦਰਬਾਰ ਸਾਹਿਬ ਵਿੱਚ ਕੀਰਤਨ ਕਰਨ ਵਾਲੇ ਕੁਝ ਕੀਰਤਨੀਆਂ ਬਾਰੇ ਤਾਂ ਇਹ ਕਿਹਾ ਜਾਂਦਾ ਹੈ ਕਿ ਉਹ ਕੁਝ ਦੇਰ ਲਈ ਹੀ ਦਰਬਾਰ ਸਾਹਿਬ ਕੀਰਤਨ ਕਰਨ ਆਉਂਦੇ ਹਨ ਤਾਂ ਜੋ ਉਹਨਾਂ ਦੇ ਨਾਮ ਨਾਲ 'ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ' ਦਾ ਵਿਸ਼ੇਸ਼ਣ ਜੁੜ ਜਾਵੇ। ਇਸ ਨਾਲ ਉਨ੍ਹਾਂ ਨੂੰ ਵਿਦੇਸ਼ ਜਾਣ ਲਈ ਵੀਜ਼ਾ ਲੈਣ ਵਿੱਚ ਅਸਾਨੀ ਹੋ ਜਾਂਦੀ ਹੈ। ਵਿਦੇਸ਼ ਜਾਣ ਦੇ ਲਾਲਚ ਨੇ ਵੀ ਸਾਡੇ ਪਾਸੋਂ ਕਈ ਚੰਗੇ ਰਾਗੀ ਜਥੇ ਖੋਹ ਲਏ ਹਨ। ਕਈ ਚੰਗੇ ਰਾਗੀ ਜਥੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕੀ ਅਮਲੇ ਦੇ ਰੁੱਖੇ ਵਤੀਰੇ ਕਾਰਨ ਦੂਰ ਹੋ ਗਏ ਹਨ। ਚੰਗੇ ਕੀਰਤਨੀਆਂ ਨੂੰ ਸ੍ਰੀ ਦਰਬਾਰ ਸਾਹਿਬ ਕੀਰਤਨ ਕਰਨ ਵੱਲ ਪ੍ਰੇਰਿਤ ਕਰਨ ਲਈ ਵਿਸ਼ੇਸ਼ ਜਤਨ ਕਰਨ ਦੀ ਲੋੜ ਹੈ। ਇਸ ਬਾਰੇ ਰਾਗੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨ ਦੇਣ ਦੀ ਪਿਰਤ ਪਾ ਕੇ ਕਦਮ ਚੁੱਕੇ ਜਾ ਸਕਦੇ ਹਨ। ਇਹ ਠੀਕ ਹੈ ਕਿ ਗੁਰਦੁਆਰਾ ਕਮੇਟੀਆਂ ਰਾਗੀਆਂ ਨੂੰ ਅੱਜ ਕੱਲ੍ਹ ਦੇ ਅਖੌਤੀ ਲੋਕ ਗੀਤਾਂ ਦੇ ਕਲਾਕਾਰਾਂ ਜਿੰਨੀ ਮਾਇਆ ਨਹੀਂ ਦੇ ਸਕਦੀਆਂ ਪਰ ਉਹ ਉਨ੍ਹਾਂ ਜਿਹੀ ਆਉ ਭਗਤ ਤਾਂ ਕਰ ਸਕਦੀਆਂ ਹਨ। ਖੈਰ, ਇਸ ਮਸਲੇ ਹੋਰ ਬੜੇ ਪੱਖ ਹਨ, ਉਨ੍ਹਾਂ ਬਾਰੇ ਫਿਰ ਕਦੀ ਲਿਖਾਂਗੇ।

# ਗੁਰਮਤਿ ਸੰਗੀਤ : ਪ੍ਰਮੁੱਖ ਸਾਜ਼

ਡਾ. ਗੁਰਨਾਮ ਸਿੰਘ

ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

ਸ਼ਬਦ ਕੀਰਤਨ ਗਾਇਨ ਦੀ ਵਿਧੀ ਦੁਆਰਾ ਬਾਣੀ, ਸਤਿ ਦੇ ਪ੍ਰਕਾਸ਼ਨ ਲਈ ਸਿਰਜੇ ਗਏ ਗੁਰਮਤਿ ਸੰਗੀਤ ਪਰਬੰਧ ਵਿੱਚ ਵਾਦਨ ਨੂੰ ਸ਼ਬਦ ਕੀਰਤਨ ਦੇ ਅਨੁਸਾਰੀ ਅੰਗ ਵਜੋਂ ਮਾਨਤਾ ਦਿੱਤੀ ਗਈ ਹੈ। ਇਸ ਕਰਕੇ ਸ਼ਬਦ ਕੀਰਤਨ ਲਈ ਗੁਰਮਤਿ ਸੰਗੀਤ ਦੇ ਅਰੰਭ ਤੋਂ ਹੀ ਵਿਭਿੰਨ ਸਾਜ਼ਾਂ ਦਾ ਪਰਯੋਗ ਵਿਸ਼ੇਸ਼ ਵਿਧੀ ਅਤੇ ਵਿਸ਼ੇਸ਼ ਘਾੜਤ ਦੁਆਰਾ ਹੁੰਦਾ ਰਿਹਾ ਹੈ। ਇਹ ਪਰੰਪਰਾ ਕਿਉਂਜੋ ਕਲਾ ਪਰਧਾਨ ਨਹੀਂ ਸੀ ਅਤੇ ਨਾ ਹੀ ਇਸ ਦਾ ਉਦੇਸ਼ ਕੇਵਲ ਸੰਗੀਤਕ ਅਨੰਦ ਦੀ ਪਰਾਪਤੀ ਸੀ ਇਸ ਲਈ ਸ਼ਬਦ-ਕੀਰਤਨ ਪਰਸਤੁਤੀ ਵਿਚ ਵਾਦਨ ਨੂੰ ਕੋਈ ਸੁਤੰਤਰ ਸਥਾਨ ਨਹੀਂ ਦਿੱਤਾ ਗਿਆ। ਇਸੇ ਕਰਕੇ ਸ਼ਬਦ ਕੀਰਤਨ ਲਈ ਅਜਿਹੇ ਸਾਜ਼ਾਂ ਦੀ ਚੋਣ ਕੀਤੀ ਗਈ ਜਿਹੜੇ ਗਾਇਨ ਦਾ ਅਨੁਕਰਨ ਕਰਦਿਆਂ ਇਸ ਦੇ ਪ੍ਰਭਾਵ ਨੂੰ ਹੋਰ ਤੀਖਣ ਤੇ ਤੀਬਰ ਕਰਨ। ਇਸ ਤੋਂ ਪਹਿਲਾਂ ਕਿ ਅਸੀਂ ਗੁਰਮਤਿ ਸੰਗੀਤ ਵਿਚ ਪਰਯੁਕਤ ਸਾਜ਼ਾਂ ਦੇ ਮਹੱਤਵ ਸਬੰਧੀ ਅਗਲੇਰੀ ਵਿਚਾਰ ਚਰਚਾ ਕਰੀਏ। ਸਰਵਪ੍ਰਥਮ ਇਹਨਾਂ ਸਾਜ਼ਾਂ ਦੇ ਵਰਗੀਕਰਨ ਅਤੇ ਸਰੂਪ ਸਬੰਧੀ ਜਾਣ ਲੈਣਾ ਜ਼ਰੂਰੀ ਹੈ।

ਭਾਰਤ ਸੰਗੀਤ ਵਿਚ ਸਾਜ਼ਾਂ ਦੀਆਂ ਸ਼੍ਰੇਣੀਆਂ (ਵਾਦਯ ਵਰਗੀਕਰਨ) ਦੀਆਂ ਗਿਣਤੀ ਤਿੰਨ, ਚਾਰ ਅਤੇ ਪੰਜ ਮੰਨੀ ਗਈ ਹੈ। ਇਹਨਾਂ ਸਾਜ਼ਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਣ ਵਾਲੇ ਵਿਦਵਾਨ 1. ਤੱਤ 2. ਘਨ 3. ਸੁਸ਼ਿਰ ਸ਼੍ਰੇਣੀ ਮੰਨਦੇ ਹਨ। ਚਾਰ ਸ਼੍ਰੇਣੀਆਂ ਮੰਨਣ ਵਾਲੇ ਵਿਦਵਾਨ 1. ਤੱਤ 2. ਵਿਤੱਤ 3. ਘਨ 4. ਸੁਸ਼ਿਰ ਸ਼੍ਰੇਣੀਆਂ ਵਿਚ ਵੰਡਦੇ ਹਨ। ਇਹਨਾਂ ਦੀ ਗਿਣਤੀ ਪੰਜ ਮੰਨਣ ਵਾਲੇ ਵਿਦਵਾਨ 1. ਤੱਤ 2. ਵਿਤੱਤ 3. ਅਨਿਬਧ 4. ਘਨ 5. ਸੁਸ਼ਿਰ ਸ਼੍ਰੇਣੀ ਮੰਨਦੇ ਹਨ। ਭਾਰਤੀ ਸੰਗੀਤ ਵਿਚ ਇਹਨਾਂ ਸਾਜ਼ਾਂ ਦੀ ਸਰਬ ਪ੍ਰਵਾਣਤ ਵੰਡ 1. ਤੱਤ 2. ਅਵਨਧ 3. ਘਨ ਅਤੇ 4. ਸੁਸ਼ਿਰ ਹੀ ਸਵੀਕਾਰੀ ਜਾਂਦੀ ਹੈ।

ਚੌਪਈ: ਚਾਰ ਭਾਂਤ ਕੇ ਬਾਦਯ ਬਖਾਨੋ॥ ਤਤ ਅਰ ਸੁਖਰ ਮੋਦ ਮਨ ਮਾਨੋ।
ਸੁਨ ਆਨੱਧ ਔਰ ਘਨ ਜਾਨ॥ ਇਨ ਕੀ ਬਿਧ ਅਬ ਕਹਤ ਬਖਾਨ।

ਦੋਹਾ: ਬੀਨਾਦਿਕ ਜੋ ਬਾਦਯ ਸਭ ਤਿਨ ਕੋ ਹੈ ਤੱਤ ਨਾਮ।
ਬੰਸ਼ ਕਾਹਲਾ ਆਦਿ ਹੈ ਸੁਖਰ ਕਹੈਂ ਅਭਿਰਾਮ।
ਚਰਮ ਮਢਿਯੋ ਜਾ ਕੋ ਬਦਨ ਸੋ ਆਨੱਧ ਬਖਾਨ।
.ਕਾਂਸਯ ਤਾਲ ਕੋ ਆਦਿ ਕਰ ਸਭ ਘਨ ਕੀ ਬਿਧ ਜਾਨ।[1]

ਭਾਰਤੀ ਸੰਗੀਤ ਸ਼ਾਸਤਰੀਆਂ ਨੇ ਸਾਜ਼ਾਂ ਦਾ ਵਰਗੀਕਰਨ ਕਰਦਿਆਂ ਮੁੱਖ ਤੌਰ ਤੇ ਜਿਹੜੀਆਂ ਚਾਰ ਸ਼੍ਰੇਣੀਆਂ ਮੰਨੀਆਂ ਹਨ। ਉਹ ਨਿਮਨਲਿਖਤ ਅਨੁਸਾਰ ਹਨ।

1. **ਤੱਤ ਸਾਜ਼ (ਤੱਤ ਵਾਦਯ)**: ਤੱਤ ਸਾਜ਼ ਉਹ ਹਨ ਜੋ ਤਣੇ ਹੋਏ ਤਾਰ, ਰੇਸ਼ਮ ਦੇ ਡੋਰੇ ਜਾਂ ਤਾਂਤ (ਤੰਦ) ਦੇ ਬਣੇ ਹੁੰਦੇ ਹਨ ਇਹਨਾਂ ਨੂੰ ਤੰਤੀ ਸਾਜ਼ ਵੀ ਕਿਹਾ ਜਾਂਦਾ ਹੈ। ਇਹ ਮਿਜ਼ਰਾਬ, ਜਬਾ, ਗਜ਼, ਜਾਂ ਉਂਗਲੀਆਂ ਨਾਲ ਵਜਾਏ ਜਾਂਦੇ ਹਨ। ਵੀਣਾ, ਸਿਤਾਰ, ਰਬਾਬ, ਸਰੰਦਾ, ਤਾਊਸ, ਦਿਲਰੁਬਾ, ਤੰਬੂਰਾ (ਤਾਨਪੁਰਾ) ਆਦਿ ਇਸੇ ਸ਼੍ਰੇਣੀ ਦੇ ਸਾਜ਼ ਹਨ।
2. **ਅਵਨਧ ਸਾਜ਼ (ਅਵਨਧ ਵਾਦਯ)**: ਇਹਨਾਂ ਸਾਜ਼ਾਂ ਨੂੰ 'ਵਿੱਤਤ' ਵੀ ਕਿਹਾ ਜਾਂਦਾ ਹੈ। ਇਹਨਾਂ ਸਾਜ਼ਾਂ ਨੂੰ ਖੱਲ ਮੜ੍ਹਕੇ ਦੋਵੇਂ ਹੱਥਾਂ ਦੀ ਸੰਯੁਕਤ ਕਿਰਿਆ ਦੁਆਰਾ ਵਜਾਇਆ ਜਾਂਦਾ ਹੈ। ਮਿਰਦੰਗ, ਪਖਾਵਜ, ਤਬਲਾ, ਢੋਲ ਆਦਿ ਨੂੰ ਏਸ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ।
3. **ਸੁਸ਼ਿਰ ਸਾਜ਼ (ਸੁਸ਼ਿਰ ਵਾਦਯ)**: ਓਹ ਸਾਜ਼ ਜੋ ਮੂੰਹ 'ਚੋਂ ਸਾਹ ਜਾਂ ਹਵਾ ਦੇ ਵੇਗ/ਵਹਾਓ ਨਾਲ ਵਜਾਏ ਜਾਂਦੇ ਹਨ ਸੁਸ਼ਿਰ ਸਾਜ਼ ਅਖਵਾਉਂਦੇ ਹਨ। ਬੰਸਰੀ, ਅਲਗੋਜੇ, ਸ਼ਹਿਨਾਈ, ਹਰਮੋਨੀਅਮ ਏਸੇ ਸ਼੍ਰੇਣੀ ਦੇ ਸਾਜ਼ ਹਨ।

4. **ਘਨ ਸ਼ਾਜ (ਘਨ ਵਾਦਯ)**: ਲੱਕੜ ਜਾਂ ਕਿਸੇ ਧਾਤ ਦੀ ਆਪਸੀ ਰਗੜ, ਚੋਟ ਜਾਂ ਝਨਕਾਰ ਨਾਲ ਵਜਣ ਵਾਲੇ ਸਾਜ਼ ਘਨ ਸ਼੍ਰੇਣੀ ਵਿਚ ਆਉਂਦੇ ਹਨ। ਜਲਤਰੰਗ, ਝਾਂਜ, ਕਰਤਾਲ (ਖੜਤਾਲ), ਮੰਜੀਰਾ ਆਦਿ ਨੂੰ ਘਨ ਵਾਦਯ ਦੇ ਵਰਗੀਕਰਨ ਵਿਚ ਰੱਖਿਆ ਜਾਂਦਾ ਹੈ।

ਗੁਰਮਤਿ ਸੰਗੀਤਾਚਾਰੀਆ ਨੇ ਭਾਰਤੀ ਸੰਗੀਤ ਵਿਚ ਪ੍ਰਚੱਲਤ ਉਪਰੋਕਤ ਵੱਖ-ਵੱਖ ਮੱਤਾਂ ਦੀ ਬਜਾਏ ਇਹਨਾਂ ਸਾਜ਼ਾਂ ਨੂੰ ਪੰਜ ਸ਼੍ਰੇਣੀਆਂ ਵਿਚ ਵਿਭਾਜਤ ਕੀਤਾ ਹੈ। ਗੁਰਬਾਣੀ ਵਿਚ ਕਈ ਥਾਂਈਂ ਪੰਜ ਸ਼ਬਦ,[3] ਪੰਚ ਬਜਿਤਰ[4] ਆਦਿ ਸੰਕੇਤ ਪੰਜ ਪ੍ਰਕਾਰ ਦੇ ਸਾਜ਼ ਵਰਗੀਕਰਨ ਲਈ ਹੀ ਪ੍ਰਯੁਕਤ ਕੀਤੇ ਗਏ ਹਨ ਜਿਨ੍ਹਾਂ ਦੇ ਅਧਾਰ 'ਤੇ ਪੰਜ ਪ੍ਰਕਾਰ ਦੇ ਸਾਜ਼ (ਵਾਜੇ) ਨਿਮਨਲਿਖਤ ਅਨੁਸਾਰ ਹਨ:

ਦੋਹਾ : ਤਤ ਤੰਤੀ ਬਿਤ ਚਰਮਕਾ, ਘਨ ਕਾਂਸ਼ੀ ਕੋ ਜਾ।
ਘਟਹ ਮੁੱਖਰ, ਸ੍ਵਾਸਨ ਸੁੱਖਰ, ਬਾਦਯ ਪੰਚ ਪਹਚਾਨ।[5]

1. **ਤੱਤ**: ਏਸ ਪ੍ਰਕਾਰ ਦੇ ਸਾਜ਼ ਤਾਰਾਂ ਵਾਲੇ ਹਨ ਜਿਹਨਾਂ ਨੂੰ ਤੰਤੀ ਸਾਜ਼ ਵੀ ਕਿਹਾ ਜਾਂਦਾ ਹੈ। ਰਬਾਬ, ਸਿਤਾਰ, ਸਰੋਦ, ਸਰੰਦਾ ਇਹਨਾਂ ਵਿਚੋਂ ਕੁਝ ਸਾਜ਼ ਪੱਤਰੇ ਜਾਂ ਉਂਗਲ ਨਾਲ ਵਜਾਏ ਜਾਂਦੇ ਹਨ ਅਤੇ ਕੁਝ ਸਾਜ਼ ਗਜ਼ ਨਾਲ ਵਜਾਏ ਜਾਂਦੇ ਹਨ। ਸੋ ਤਾਰ ਤੋਂ ਧੁਨੀ ਉਤਪੰਨ ਕਰਨ ਵਾਲੇ ਅਜਿਹੇ ਤੰਤੀ ਸਾਜ਼ਾਂ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ।
2. **ਬਿਤ (ਵ੍ਰਿਤ)**: ਚਮੜੇ ਨਾਲ ਮੜ੍ਹੇ ਹੋਏ ਸਾਜ਼ ਜਿਹੜੇ ਮੁੱਖ ਤੌਰ ਤੇ ਤਾਲ ਦੇਣ ਵਾਲੇ ਸਾਜ਼ ਹਨ ਉਹਨਾਂ ਨੂੰ ਇਸ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ ਜਿਵੇਂ ਢੋਲ, ਢੋਲਕ, ਮਿਰਦੰਗ ਪਖਾਵਜ, ਤਬਲਾ ਆਦਿ।
3. **ਘਨ**: ਕਿਸੇ ਵੀ ਧਾਤ ਤੋਂ ਬਣੇ ਸਾਜ਼ ਇਸ ਸ਼੍ਰੇਣੀ ਵਿਚ ਆਉਂਦੇ ਹਨ ਉਦਾਰਹਨ ਦੇ ਤੌਰ 'ਤੇ ਛੈਣੇ, ਕੈਂਸੀਆ ਆਦਿ।
4. **ਮੁਖਰ**: ਇਸ ਸ਼੍ਰੇਣੀ ਵਾਲੇ ਸਾਜ਼ ਅੰਦਰੋਂ ਖਾਲੀ ਹੁੰਦੇ ਹਨ ਜਿਨ੍ਹਾਂ ਦੇ ਮੂੰਹ ਉੱਤੇ ਹੱਥ ਮਾਰ ਕੇ ਨਾਦ ਉਤਪੰਨ ਕੀਤਾ ਜਾਂਦਾ ਹੈ। ਕਈ ਵਿਦਵਾਨ ਇਹਨਾਂ ਦੇ ਇਸ ਨਾਤਾਤਮਕ ਗੁਣ ਸਦਕਾ ਇਸ ਸ਼੍ਰੇਣੀ ਨੂੰ ਨਾਦ ਸ਼੍ਰੇਣੀ ਵੀ ਆਖਦੇ ਹਨ।[6]
5. **ਸੁਖਰ (ਸੁਸ਼ਿਰ)**: ਫੂਕ ਮਾਰਕੇ ਵਜਾਏ ਜਾਣ ਵਾਲੇ ਬਾਂਸ ਆਦਿਕ/ਲੱਕੜੀ ਜਾਂ ਧਾਤ ਦੇ ਖੋਲੇ ਸਾਜ਼ ਜਿਹੜੇ ਸਾਹ ਨਾਲ ਵਜਦੇ ਹਨ ਉਨ੍ਹਾਂ ਨੂੰ ਸੁਖਰ ਸੰਗਿਆ ਦਿੱਤੀ ਜਾਂਦੀ ਹੈ ਜਿਵੇਂ ਬੰਸਰੀ, ਬੀਨ, ਸ਼ਹਿਨਾਈ ਆਦਿ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਰਬਾਬ, ਵੀਣਾ, ਬੀਣ, ਵਾਜਾ, ਕਿੰਗਰੀ, ਸਿੰਙੀ, ਮੁਰਲੀ, ਪਖਾਵਜ, ਮਿਰਦੰਗ, ਢੋਲਕ, ਘੂੰਗਰੂ ਆਦਿ ਅਨੇਕ ਸਾਜ਼ਾਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਉੱਤੇ ਵਾਚੀਏ ਤਾਂ ਵੱਖ-ਵੱਖ ਕਾਲਾਂ ਵਿੱਚ ਪ੍ਰਚੱਲਤ ਪ੍ਰਮੁੱਖ ਸਾਜ਼ ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਮਿਰਦੰਗ, ਜੋੜੀ (ਤਬਲਾ) ਢੱਡ, ਸਾਰੰਗੀ ਆਦਿ ਵਿਸ਼ੇਸ਼ ਰਹੇ ਹਨ। ਇਹਨਾਂ ਸਾਜ਼ਾਂ ਨੂੰ ਅਸੀਂ ਸ਼ਬਦ ਕੀਰਤਨ ਦੀਆਂ ਵੱਖੋ ਵੱਖਰੀਆਂ ਪ੍ਰਣਾਲੀਆਂ ਅਨੁਸਾਰ ਵੀ ਵੰਡ ਸੰਕਦੇ ਹਾਂ। ਜਿਵੇਂ ਕਿ 1. ਸ਼ਬਦ ਕੀਰਤਨ ਦੀ ਰਾਗਾਤਮਕ ਪਰੰਪਰਾ ਦੇ ਨਾਲ ਰਬਾਬ, ਸਰੰਦਾ, ਤਾਊਸ ਦਿਲਰੁਬਾ, ਤਾਨਪੁਰਾ, ਮਿਰਦੰਗ, ਪਖਾਵਜ, ਜੋੜੀ ਵਰਗੇ ਸਾਜ਼ ਪ੍ਰਯੋਗ ਹੁੰਦੇ ਰਹੇ। 2. ਵਾਰ ਗਾਇਨ ਦੀ ਲੋਕ ਸੰਗੀਤਕ ਪਰੰਪਰਾ ਨਾਲ ਢੱਡ ਸਾਰੰਗੀ ਦਾ ਪ੍ਰਯੋਗ ਸੰਗੀਤ ਇਤਿਹਾਸ ਦਾ ਹਿੱਸਾ ਹੈ। 3. ਸਧਾਰਨ ਸਿੱਖ ਸੰਗਤਾਂ ਦੁਆਰਾ ਜੋਟੀਆਂ ਦੇ ਧਾਰਨਾ ਵਾਲੇ ਕੀਰਤਨ ਵਿਚ ਢੋਲਕ, ਖੜਤਾਲਾਂ, ਚਿਮਟੇ, ਕੈਂਸੀਆਂ ਆਦਿ ਦਾ ਪ੍ਰਯੋਗ ਅੱਜ ਵੀ ਪ੍ਰਚੱਲਤ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਵਾਦਨ ਪਰੰਪਰਾ ਵਿੱਚ ਪ੍ਰਯੁਕਤ ਸਾਜ਼ਾਂ ਦੀ ਗਿਣਤੀ ਦਾ ਘੇਰਾ ਕਾਫੀ ਵਿਸ਼ਾਲ ਹੋ ਜਾਂਦਾ ਹੈ। ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਇਹਨਾਂ ਸਾਜ਼ਾਂ ਦੇ ਪ੍ਰਚਲਨ ਨੂੰ ਵਿਸ਼ੇਸ਼ ਰੂਪ ਵਿਚ ਉਤਸ਼ਾਹਿਤ ਕੀਤਾ ਗਿਆ ਅਤੇ ਵਰਤੋਂ ਤੋਂ ਪ੍ਰਯੋਗ ਅਨੁਸਾਰ ਲੋੜੀਂਦੀ ਤਬਦੀਲੀ ਵੀ ਕੀਤੀ ਗਈ। ਇਸ ਲਈ ਇਹਨਾਂ ਸਾਜ਼ਾਂ ਦੇ ਸਰੂਪ ਅਤੇ ਗੁਰਮਤਿ ਸੰਗੀਤ ਵਿੱਚ ਉਹਨਾਂ ਦੇ ਸਥਾਨ ਸਬੰਧੀ ਇਸੇ ਸੰਦਰਭ ਵਿੱਚ ਚਰਚਾ ਕਰਨੀ ਬਣਦੀ ਹੈ।

## ਰਬਾਬ

ਰਬਾਬ ਗੁਰਮਤਿ ਸੰਗੀਤ ਦਾ ਪ੍ਰਥਮ ਪ੍ਰਮੁੱਖ ਸਾਜ਼ ਹੈ। ਜਿਸ ਨੂੰ ਰਬਾਬੀ ਭਾਈ ਮਰਦਾਨਾ, ਗੁਰੂ ਨਾਨਕ ਦੇਵ ਜੀ

ਦੇ ਸ਼ਬਦ ਕੀਰਤਨ ਦੀ ਇਲਾਹੀ ਧੁਨ ਨਾਲ ਵਜਾਇਆ ਕਰਦੇ ਸਨ।[7]

ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਨੂੰ ਆਪਣਾ ਸੰਗੀ ਚੁਣਨ ਸਮੇਂ ਗਾਇਨ ਦੇ ਨਾਲ-ਨਾਲ ਉਸਦੀ ਵਾਦਨ ਕਲਾ ਨੂੰ ਵੀ ਆਪਣੀ ਮਿਹਰ ਦਾ ਪਾਤਰ ਬਣਾਇਆ ਅਤੇ ਭੈਰੋਆਣਾ ਦੇ ਭਾਈ ਫਿਰੰਦਾ (ਭਾਈ ਫੇਰੂ) ਕੋਲੋਂ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾਇਆ।[8] ਭਾਈ ਮਰਦਾਨੇ ਦਾ ਇਹ ਰਬਾਬ ਗੁਰਮਤਿ ਸੰਗੀਤ ਦੀ ਵਾਦਨ ਪਰੰਪਰਾ ਦਾ ਪ੍ਰਮੁੱਖ ਚਿੰਨ੍ਹ ਹੀ ਨਹੀਂ ਇਕ ਇਤਿਹਾਸਕ ਪ੍ਰਤੀਕ ਵੀ ਹੈ। ਬਾਣੀ ਅਵਤਰਨ ਸਮੇਂ ਬਾਣੀ ਦੇ ਗਾਇਨ ਸਮੇਂ, ਮਾਹੌਲ ਦੀ ਸਿਰਜਨਾ ਸਹਿਤ ਇਹ ਰਬਾਬ ਭਾਈ ਮਰਦਾਨੇ ਦੀਆਂ ਕਲਾਤਮਕ ਉਂਗਲਾਂ ਵਿੱਚ ਖੇਡਦਾ ਅਨਹਦ ਧੁਨੀ ਉਪਜਾਉਂਦਾ ਰਿਹਾ ਅਤੇ ਜਗਤ ਜਲੰਦੇ ਦੇ ਅਨੇਕ ਤਪਦੇ ਹਿਰਦਿਆਂ ਨੂੰ ਬਾਣੀ-ਸਤਿ ਨਾਲ ਠਾਰਦਾ ਰਿਹਾ। ਜਦੋਂ ਕਦੇ ਵੀ ਗੁਰੂ ਨਾਨਕ ਸਾਹਿਬ ਬਾਣੀ ਉਚਾਰਦੇ ਜਾਂ ਸ਼ਬਦ ਕੀਰਤਨ ਦਾ ਪ੍ਰਾਰੰਭ ਕਰਦੇ ਤਾਂ ਫੁਰਮਾਇਆ ਕਰਦੇ ਸਨ, *"ਮਰਦਾਨਿਆਂ! ਸ਼ਬਦ ਚਿਤਿ ਕਰਿ, ਤਉ ਬਾਝੁ, ਬਾਣੀ ਸਰਿ ਨਹੀਂ ਆਵਦੀ ਤਬਿ ਗੁਰੂ ਬਾਰੇ ਆਖਿਆ ਮਰਦਾਨਿਆ ਰਬਾਬ ਵਜਾਇ"*[9]

***ਗੁਰ ਕਹਿਓ ਮਰਦਾਨੇ ਭਾਇ। ਹੈ ਪਿਆਰੇ ਤੂੰ ਤਾਰ ਬਜਾਇ।***
***ਮਰਦਾਨੇ ਤਬ ਤਾਰ ਬਜਾਈ। ਸਗਲ ਸਭਾ ਸੁਧ ਰਹੀ ਨ ਕਾਈ।***
***ਗੁਰੂ ਨਾਨਕ ਤਬ ਸਬਦ ਉਚਾਰਾ, ਸੁਰ ਤਿਲੰਗ ਮੈ ਲਾਗੈ ਪਿਆਰਾ।।***[10]
***ਢਾਈ ਕੋ ਗੁਰ ਕਹਿਉ ਅਲਾਇ ਹੇ ਮਰਦਾਨਾ ਤਾਰ ਬਜਾਇ।***
***ਸ੍ਰੀ ਸਤਿਗੁਰ ਤਬ ਸਬਦ ਉਚਾਰਾ। ਰਾਗ ਵਡਹੰਸੇ ਲਗੈ ਪਿਆਰਾ।।***[11]

ਭਾਈ ਮਰਦਾਨੇ ਅਤੇ ਰਬਾਬ ਦੀ ਇਸ ਅਟੁੱਟ ਸਾਂਝ ਨੇ ਗੁਰਮਤਿ ਸੰਗੀਤ ਨੂੰ ਵਾਦਨ ਪਰੰਪਰਾ ਦੇ ਰਾਹਾਂ ਤੇ ਤੋਰਿਆ। ਭਾਈ ਮਰਦਾਨੇ ਦੀ ਕੁਲ ਦੇ ਸੰਗੀਤਕਾਰਾਂ ਦੀ ਰਬਾਬੀਆਂ ਵਜੋਂ ਪ੍ਰਸਿੱਧੀ ਹੋਈ।[12]

ਰਬਾਬ ਦੀ ਉਤਪਤੀ ਅਤੇ ਵਿਕਾਸ ਸਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਇਹ ਭਿੰਨਤਾ ਇਸ ਕਰਕੇ ਪਾਈ ਜਾਂਦੀ ਹੈ ਕਿਉਂਕਿ ਸੰਗੀਤ ਵਿਦਵਾਨ ਇਹਨਾਂ ਸਾਜ਼ਾਂ ਨੂੰ ਵਿਕਾਸਾਤਮਕ ਪ੍ਰਕਿਰਿਆ ਦੇ ਦਰਿਸ਼ਟੀਕੋਣ ਅਨੁਸਾਰ ਵਿਸ਼ਲੇਸ਼ਣ ਕਰਨ ਦੀ ਬਜਾਏ ਸਾਜ਼ਾਂ ਦੀ ਈਜਾਦ ਵਿਅਕਤੀ ਵਿਸ਼ੇਸ਼ਾਂ ਦੇ ਸਿਰ ਮੜ੍ਹਨ ਦੇ ਚੱਕਰ ਵਿੱਚ ਪੈ ਜਾਂਦੇ ਹਨ। ਸੰਖੇਪ ਤੇ ਸਪੱਸ਼ਟ ਰੂਪ ਵਿੱਚ ਕਿਹਾ ਜਾਏ ਤਾਂ ਰਬਾਬ ਇੱਕ ਪੁਰਾਤਨ ਸਾਜ਼ ਹੈ ਜਿਹੜਾ ਥੋੜ੍ਹੇ ਬਹੁਤੇ ਭੇਦ ਨਾਲ ਏਸ਼ਿਆਈ ਖਿੱਤੇ ਵਿੱਚ ਪ੍ਰਚਾਰ ਵਿੱਚ ਰਿਹਾ। ਅਹੋਬਲ ਦੇ ਗ੍ਰੰਥ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ. (ਰਵ ਵਹਤਿ ਯਦਸਮਾਤਤੋ ਤੇ ਰਬਾਵ: ਸਮ੍ਰਿਤੀ)[13] ਪਰ ਹੋਰ ਕਿਸੇ ਸੰਗੀਤ ਗ੍ਰੰਥ ਵਿੱਚ ਇਸ ਦਾ ਉਲੇਖ ਨਹੀਂ ਪ੍ਰਾਪਤ ਹੁੰਦਾ। ਇੱਕ ਧਾਰਨਾ ਅਨੁਸਾਰ ਇਸ ਸਾਜ਼ ਦਾ ਵਿਕਾਸ ਅਰਬ ਦੇ ਰੁਬੇਬ ਸਾਜ਼ ਤੋਂ ਮੰਨਿਆ ਜਾਂਦਾ ਹੈ ਪਰੰਤੂ ਇੰਜ ਜਾਪਦਾ ਹੈ ਕਿ ਜਿਵੇਂ ਰੁਬੇਬ ਦਾ ਨਾਮ ਹੀ ਰਬਾਬ ਹੋਵੇ ਅਤੇ ਇਹ ਇਕੋ ਹੀ ਸਾਜ਼ ਹੋਵੇ[14] ਇਹ ਸਾਜ਼ ਉੱਤਰ ਭਾਰਤ ਅਤੇ ਅਫ਼ਗਾਨਿਸਤਾਨ ਵਿੱਚ ਵੀ ਕਾਫੀ ਪ੍ਰਚਾਰ ਵਿੱਚ ਰਿਹਾ ਇਸ ਦਾ ਵਧੇਰੇ ਕਰਕੇ ਪ੍ਰਯੋਗ ਇੱਕ ਸਥਾਨ ਤੋਂ ਦੂਸਰੇ ਸਥਾਨ ਤੇ ਜਾਣ ਵਾਲੇ ਸ਼ੇਖ ਸੈਲਾਨੀ ਕਰਿਆ ਕਰਦੇ ਸਨ। ਭਾਰਤ ਦੇ ਕਸ਼ਮੀਰ ਵਰਗੇ ਉੱਤਰੀ ਭਾਗਾਂ ਵਿੱਚ ਇਸ ਦਾ ਪ੍ਰਯੋਗ ਮੁਸਲਮਾਨਾਂ ਵਿੱਚ ਪ੍ਰਚੱਲਤ ਰਿਹਾ।[15]

ਰਬਾਬ ਖੁਲ੍ਹੀ ਫਿਜ਼ਾਂ ਨੂੰ ਆਪਣੀ ਗਹਿਰ ਗੰਭੀਰ ਅਵਾਜ਼ ਨਾਲ ਭਰਨ ਦੇ ਸਮਰੱਥ ਹੈ। ਇਹ ਪੱਤਰੇ ਜਾਂ ਚਕੋਰ ਨਾਲ ਵਜਾਈ ਜਾਂਦੀ ਹੈ। ਲੈਅ ਨਿਰਧਾਰਤ ਕਰਨਾ ਵੀ ਏਸ ਸਾਜ਼ ਨਾਲ ਅਸਾਨ ਹੋ ਜਾਂਦਾ ਹੈ ਅਤੇ ਗਾਇਨ ਲਈ ਇੱਕ ਨਿਰੰਤਰ ਲੈਅ ਦੀ ਸਥਾਪਨਾ ਵੀ ਹੋ ਜਾਂਦੀ ਹੈ। ਸਫਰ ਲਈ ਇਹ ਸਾਜ਼ ਢੁਕਵਾਂ ਹੈ ਰਬਾਬ ਦੇ ਸੰਰਚਨਾਤਮਕ ਗੁਣਾਂ ਅਤੇ ਮਧੁਰ ਗਹਿਰ ਗੰਭੀਰ ਸਾਜ਼ ਹੋਣ ਕਰਕੇ ਹੀ ਗੁਰੂ ਨਾਨਕ ਦੇਵ ਜੀ ਨੇ ਏਸ ਨੂੰ ਆਪਣੀਆਂ ਲੰਮੀਆਂ ਉਦਾਸੀਆਂ ਤੇ ਬਿਖੜੇ ਪੈਂਡਿਆਂ ਵਿਚ ਸ਼ਬਦ ਕੀਰਤਨ ਦੀ ਧੁਨੀ ਦੇ ਵਾਦਨ ਪਰਵਾਹ ਲਈ ਚੁਣਿਆ।

## ਰਬਾਬ: ਮੁੱਖ ਅੰਗ ਤੇ ਬਣਤਰ:

**ਰਬਾਬ ਦੀ ਬਣਤਰ ਅਨੁਸਾਰ ਇਸਦੇ ਮੁੱਖ ਅੰਗ ਹੇਠ ਲਿਖੇ ਅਨੁਸਾਰ ਹਨ:**

1. **ਡਾਂਡ:** ਇਹ ਸਾਜ਼ ਇੱਕ ਲੰਬੇ ਅਤੇ ਖੋਖਲੇ ਡਾਂਡ ਤੋਂ ਬਣਦਾ ਹੈ।
2. **ਤੂੰਬਾ:** ਡਾਂਡ ਦੇ ਹੇਠਾਂ ਲੱਕੜੀ ਦਾ ਇੱਕ ਤੂੰਬਾ ਹੁੰਦਾ ਹੈ, ਜੋ ਡਾਂਡ ਦਾ ਹੀ ਇੱਕ ਹਿੱਸਾ ਹੁੰਦਾ ਹੈ। ਤੂੰਬੇ

ਵਾਲਾ ਭਾਗ ਕੁਝ ਚੌੜਾ ਅਤੇ ਉੱਪਰ ਤੋਂ ਚਪਟਾ ਹੁੰਦਾ ਹੈ ਅਤੇ ਦੂਸਰੇ ਕਿਨਾਰੇ ਵੱਲ, ਜਿੱਥੇ ਖੂੰਟੀਆਂ ਲੱਗੀਆਂ ਹੁੰਦੀਆਂ ਹਨ, ਓਥੋਂ ਸੁੰਗੜਿਆ ਹੋਇਆ ਭਾਵ ਮੋਟਾਈ ਤੋਂ ਘੱਟ ਹੁੰਦਾ ਹੈ।

3. **ਮਾਂਦ:** ਤੂੰਬੇ ਦੇ ਉਪਰਲੇ ਹਿੱਸੇ ਨੂੰ ਆਮ ਕਰਕੇ ਬੱਕਰੀ, ਜਾਂ ਕਿਸੇ ਹੋਰ ਜਾਨਵਰ ਦੀ ਪਤਲੀ ਸਾਫ ਖੱਲ ਨਾਲ ਮੜ੍ਹਿਆ ਜਾਂਦਾ ਹੈ, ਇਸਨੂੰ ਮਾਂਦ ਕਹਿੰਦੇ ਹਨ।
4. **ਘੁੜਚ ਘਣੀ:** ਮਾਂਦ ਦੇ ਉੱਪਰ ਵਿਚਕਾਰ ਲੱਕੜੀ ਦੀ ਘੋੜੀ ਜਾਂ ਘੁੜਚ ਖੜੇ ਰੂਪ ਵਿਚ ਰੱਖੀ ਹੁੰਦੀ ਹੈ, ਇਸਨੂੰ ਘੁੜਚ ਘਣੀ ਕਹਿੰਦੇ ਹਨ। ਇਸਦੇ ਉੱਤੋਂ ਤਾਰਾਂ ਲੰਘਦੀਆਂ ਹਨ।
5. **ਤਾਰ ਘਣੀ:** ਡਾਂਡ ਦੇ ਦੂਜੇ ਪਾਸੇ ਜੋ ਘੁੜਚ ਹੁੰਦੀ ਹੈ, ਉਸਨੂੰ ਤਾਰ ਘਣੀ ਕਹਿੰਦੇ ਹਨ। ਘੁੜਚ ਘਣੀ ਅਤੇ ਤਾਰ ਘਣੀ ਦੇ ਸਹਾਰੇ ਰਬਾਬ ਦੇ ਤਾਰ ਸੰਭਲੇ ਰਹਿੰਦੇ ਹਨ।
6. **ਤਾਰ:** ਰਬਾਬ ਵਿੱਚ ਛੇ ਤਾਰ ਹੁੰਦੇ ਹਨ ਜੋ ਤਾਂਤ ਨਾਲ ਬਣੇ ਰਹਿੰਦੇ ਹਨ।
   ਪਹਿਲੇ ਤਾਰ ਨੂੰ 'ਜ਼ੀਰ' (ਜੀਲ)[16] ਵੀ ਕਿਹਾ ਜਾਂਦਾ ਹੈ।
   ਦੂਜੇ ਤਾਰ ਨੂੰ 'ਮਿਆਨ' ਵੀ ਕਿਹਾ ਜਾਂਦਾ ਹੈ। ਇਸ ਨੂੰ ਮੱਧ ਸਪਤਕ ਦੇ ਰਿਸ਼ਭ ਨਾਲ ਮਿਲਾਇਆ ਜਾਂਦਾ ਹੈ।
   ਤੀਸਰੇ ਤਾਰ ਨੂੰ 'ਸੁਰ' ਕਿਹਾ ਜਾਂਦਾ ਹੈ। ਇਸ ਨੂੰ ਮੱਧ ਸ਼ੜਜ ਨਾਲ ਮਿਲਾਇਆ ਜਾਂਦਾ ਹੈ।
   ਚੌਥੇ ਤਾਰ ਨੂੰ 'ਮੰਦਰ' ਕਿਹਾ ਜਾਂਦਾ ਹੈ। ਇਸ ਨੂੰ ਮੱਧ ਸਪਤਕ ਦੇ ਪੰਚਮ ਨਾਲ ਮਿਲਾਇਆ ਜਾਂਦਾ ਹੈ।
   ਪੰਜਵੇਂ ਤਾਰ ਨੂੰ 'ਘੋਰ' ਕਿਹਾ ਜਾਂਦਾ ਹੈ। ਇਸ ਨੂੰ ਮੰਦਰ ਸਪਤਕ ਦੇ ਮਧਯਮ ਨਾਲ ਮਿਲਾਇਆ ਜਾਂਦਾ ਹੈ।
   ਛੇਵੇਂ ਤਾਰ ਨੂੰ 'ਖਰਜ' ਕਹਿੰਦੇ ਹਨ। ਇਸ ਨੂੰ ਮੰਦਰ ਸਪਤਕ ਦੇ ਸ਼ੜਜ ਵਿਚ ਮਿਲਾਉਂਦੇ ਹਨ।
7. **ਸਥਾਨ:** ਡਾਂਡ ਦੇ ਜਿਸ ਭਾਗ ਉੱਤੇ ਤਾਰ ਦਬਾਏ ਜਾਂਦੇ ਹਨ, ਉਸ ਨੂੰ 'ਸਥਾਨ' ਕਿਹਾ ਜਾਂਦਾ ਹੈ।
8. **ਜਵਾ:** ਰਬਾਬ ਨੂੰ ਵਜਾਉਣ ਦੇ ਲਈ ਆਮ ਤੌਰ ਤੇ ਲੱਕੜੀ ਜਾਂ ਹਾਥੀ ਦੰਦ ਦਾ ਤਿਕੋਣਾ ਟੁਕੜਾ ਪ੍ਰਯੋਗ ਕੀਤਾ ਜਾਂਦਾ ਹੈ, ਇਸ ਨੂੰ ਜਵਾ ਜਾਂ ਜਰਬ ਕਹਿੰਦੇ ਹਨ। ਸੱਜੇ ਹੱਥ ਦੇ ਅੰਗੂਠੇ ਅਤੇ ਪਹਿਲੀ ਅਤੇ ਦੂਜੀ ਉਂਗਲੀ ਤੋਂ ਜਵਾ ਨੂੰ ਪਕੜਕੇ ਤਾਰਾਂ ਉੱਤੇ ਟੁਣਕਾਰ ਕੀਤਾ ਜਾਂਦਾ ਹੈ ਅਤੇ ਹੱਥ ਦੀਆਂ ਉਂਗਲੀਆਂ ਨਾਲ ਤਾਰ ਨੂੰ ਡਾਂਡ ਉੱਤੇ ਦਬਾ ਕੇ ਸੁਰ ਦੀ ਰਚਨਾ ਕੀਤੀ ਜਾਂਦੀ ਹੈ।
   ਰਬਾਬ ਦੇ ਇੱਕ ਰੂਪ ਨੂੰ ਗਜ਼ ਦੁਆਰਾ ਵੀ ਵਜਾਇਆ ਜਾਂਦਾ ਸੀ ਪਰੰਤੂ ਵਧੇਰੇ ਪਰਚਲਨ ਟੁਣਕਾਰ ਦੁਆਰਾ ਵਜਾਉਣ ਦਾ ਹੀ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਮਰਦਾਨੇ ਦੇ ਜਿੰਨੇ ਵੀ ਚਿੱਤਰ ਪ੍ਰਾਪਤ ਹੁੰਦੇ ਹਨ, ਓਹਨਾਂ ਵਿੱਚ ਭਾਈ ਮਰਦਾਨਾ ਟੁਣਕਾਰ (ਅਘਾਤ) ਦੁਆਰਾ, ਸੁਰ ਉਤਪੰਨ ਕਰਦੇ ਹੋਏ ਵਿਖਾਇਆ ਗਿਆ ਹੈ।

"ਦਸਵੀਂ ਸ਼ਤਾਬਦੀ ਈ: ਪੂ: ਵਿੱਚ ਅਰਬ ਦੇ ਐਲ. ਫਾਰਾਬੀ ਨੇ ਇੱਕ ਰਬਾਬ ਦਾ ਵਰਨਣ ਕੀਤਾ ਹੈ, ਜੋ ਗਜ਼ ਦੁਆਰਾ ਵਜਣ ਵਾਲਾ ਸਾਜ਼ ਸੀ ਪਰੰਤੂ ਕਸ਼ਮੀਰ ਅਤੇ ਅਫਗਾਨਿਸਤਾਨ ਵਾਲਾ ਰਬਾਬ ਜਵਾ ਨਾਲ ਵੱਜਣ ਵਾਲਾ ਸੀ ਅਤੇ ਓਹੀ ਉੱਤਰੀ ਭਾਰਤ ਵਿੱਚ 500 ਸਾਲਾਂ ਤੋਂ ਹੁਣ ਤੱਕ ਪ੍ਰਚੱਲਤ ਰਿਹਾ।"[17] ਗੁਰਇਤਿਹਾਸ, ਗੁਰਬਾਣੀ ਅਤੇ ਗੁਰੂ ਸਾਹਿਬ ਦੇ ਚਿੱਤਰਾਂ ਤੋਂ ਪ੍ਰਾਪਤ ਹੋਣ ਵਾਲੇ ਰਬਾਬ ਦੇ ਸਰੂਪ ਵਿੱਚ ਪ੍ਰਚੱਲਤ ਰਬਾਬਾਂ ਨਾਲੋਂ ਭਿੰਨਤਾ ਪਾਈ ਜਾਂਦੀ ਹੈ। ਏਸ ਤਰ੍ਹਾਂ ਸਾਨੂੰ ਰਬਾਬ ਦੇ ਤਿੰਨ ਸਰੂਪ ਪ੍ਰਾਪਤ ਹੁੰਦੇ ਹਨ:

1. ਬਿਨਾਂ ਪਰਦਿਆਂ ਵਾਲਾ ਪੁਰਾਤਨ ਰਬਾਬ
2. ਆਧੁਨਿਕ ਰਬਾਬ[18]
3. ਭਾਈ ਮਰਦਾਨੇ ਵਾਲਾ ਰਬਾਬ

ਪੁਰਾਤਨ ਰਬਾਬ ਅਤੇ ਆਧੁਨਿਕ ਰਬਾਬ ਵਿੱਚ ਕੁਝ ਅੰਤਰ ਹੈ ਜੋ ਨਿਮਨਲਿਖਤ ਹੈ:

1. ਪੁਰਾਤਨ ਰਬਾਬ ਦਾ ਤੂੰਬਾ ਗੋਲ ਹੁੰਦਾ ਸੀ, ਪਰੰਤੂ ਆਧੁਨਿਕ ਰਬਾਬ ਦੇ ਤੂੰਬੇ ਵਿੱਚ ਫਰਕ ਹੈ।
2. ਪੁਰਾਤਨ ਰਬਾਬ ਦੀ ਡਾਂਡ ਆਧੁਨਿਕ ਰਬਾਬ ਦੇ ਮੁਕਾਬਲੇ ਲੰਬੀ ਹੁੰਦੀ ਸੀ।
3. ਪੁਰਾਤਨ ਰਬਾਬ ਵਿੱਚ ਪਰਦੇ ਨਹੀਂ ਹੁੰਦੇ ਸੀ ਪਰੰਤੂ ਆਧੁਨਿਕ ਰਬਾਬ ਵਿੱਚ ਮੜ੍ਹੇ ਹੋਏ ਪਰਦੇ ਵੀ ਲਗਾ ਲਏ ਜਾਂਦੇ ਹਨ।

4. ਪੁਰਾਤਨ ਰਬਾਬ ਵਿੱਚ ਤਰਬ ਦੀਆਂ ਤਾਰਾਂ ਨਹੀਂ ਹੁੰਦੀਆਂ ਸਨ ਪਰੰਤੂ ਆਧੁਨਿਕ ਰਬਾਬ ਤਰਬ ਦੀਆਂ ਤਾਰਾਂ ਨਾਲ ਯੁਕਤ ਹੈ।

ਪੁਰਾਤਨ ਦੀਵਾਰ ਚਿੱਤਰਾਂ ਤੋਂ ਜੋ ਸਾਨੂੰ ਵਿਸ਼ੇਸ਼ ਕਰਕੇ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਤੋਂ ਪ੍ਰਾਪਤ ਹੁੰਦੇ ਹਨ ਮਰਦਾਨੇ ਦੀ ਰਬਾਬ ਦਾ ਸਰੂਪ ਇਹਨਾਂ ਦੋਹਾਂ ਪ੍ਰਕਾਰਾਂ ਦੇ ਰਬਾਬਾਂ ਤੋਂ ਭਿੰਨ ਹੈ। ਇਸ ਦੇ ਤੂੰਬੇ ਦਾ ਆਕਾਰ ਚੌੜਾ ਤੇ ਵੱਡਾ ਦਰਸਾਇਆ ਗਿਆ ਹੈ। ਏਸ ਉੱਤੇ ਚਾਰ ਤਾਰਾਂ ਵਿਖਾਈ ਦਿੰਦੀਆਂ ਹਨ। ਰਬਾਬ ਵਜਾਉਂਦੇ ਭਾਈ ਮਰਦਾਨੇ ਦੀ ਬੈਠਕ ਤੇ ਵਾਦਨ ਵਿਧੀ ਵੀ ਭਿੰਨ ਹੈ ਜਿਸ ਵਿੱਚ ਡਾਂਡ ਵਾਲਾ ਹਿੱਸਾ ਖੱਬੇ ਪਾਸੇ ਉਪਰ ਨੂੰ ਕੀਤਾ ਹੋਇਆ ਹੈ ਅਤੇ ਸੱਜੀ ਲੱਤ ਉੱਤੇ ਛਾਤੀ ਨਾਲ ਲਗਾ ਕੇ ਇਸ ਦੀਆਂ ਤਾਰਾਂ ਨੂੰ ਟਕੋਰ ਦਿੱਤੀ ਜਾਂਦੀ ਹੈ। ਦੂਸਰਾ ਇਸ ਰਬਾਬ ਵਿਚ ਪਰੰਪਰਾਗਤ ਤਾਰਾਂ ਦਾ ਇਸਤੇਮਾਲ ਹੀ ਕੀਤਾ ਜਾਂਦਾ ਹੈ। ਜਿਵੇਂ ਕਿ ਜ਼ੀਲ ਦੀ ਤਾਰ[19] ਹਿਮਾਚਲ ਦੇ ਮੰਡੀ ਸ਼ੈਹਰ ਵਿਚਲੇ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਕ ਗੁਰਧਾਮ ਵਿੱਚ ਇੱਕ ਰਬਾਬ ਦੇ ਦਰਸ਼ਨ ਕਰਵਾਏ ਜਾਂਦੇ ਹਨ ਜਿਸਨੂੰ ਗੁਰੂ ਗੋਬਿੰਦ ਜੀ ਦਾ ਰਬਾਬ ਕਿਹਾ ਜਾਂਦਾ ਹੈ। ਇਸ ਦੇ ਤਾਰ ਤਾਂ ਭਾਵੇਂ ਟੁੱਟ ਚੁੱਕੇ ਹਨ ਪਰ ਜ਼ੀਲ ਦੀ ਤਾਰ ਅਜੇ ਵੀ ਲੱਗੀ ਹੋਈ ਹੈ।[20]

**ਸਾਰੰਦਾ (ਸਾਰਿੰਦਾ)**: ਗੁਰੂ ਕਾਲ ਵਿਚ ਕੀਰਤਨ ਨਾਲ ਪ੍ਰਯੋਗ ਹੋਣ ਵਾਲੇ ਸਾਜ਼ਾਂ ਵਿੱਚੋਂ ਸਰੰਦਾ ਇੱਕ ਹੈ, ਜਿਸਦਾ ਵਧੇਰੇ ਪ੍ਰਚਾਰ ਗੁਰੂ ਅਰਜਨ ਦੇਵ ਸਮੇਂ ਰਿਹਾ। ਸਰੰਦਾ ਉੱਤਰੀ ਭਾਰਤੀ ਤੰਤੀ ਸਾਜ਼ਾਂ 'ਚੋਂ ਪ੍ਰਮੁੱਖ ਸਾਜ਼ ਹੈ ਜਿਸਦਾ ਪ੍ਰਯੋਗ ਢਾਡੀ ਤੇ ਹੋਰ ਲੋਕ ਗਾਇਕ ਆਪਣੇ ਗਾਇਨ ਲਈ ਕਰਦੇ ਰਹੇ। ਇਸ ਸਾਜ਼ ਦੀ ਮੂਲ ਬਣਤਰ ਇਸਦੇ ਲੋਕ ਸਾਜ਼ ਹੋਣ ਦੀ ਪਰੋੜਤਾ ਕਰਦੀ ਹੈ। ਅੱਜ ਵੀ ਰਾਜਸਥਾਨ, ਪੰਜਾਬ ਤੇ ਹਰਿਆਣਾ ਦੇ ਕੁਝ ਲੋਕ ਗਾਇਕਾਂ ਕੋਲ ਇਸ ਸਾਜ਼ ਦੇ ਦੀਦਾਰ ਕੀਤੇ ਜਾ ਸਕਦੇ ਹਨ। ਮੱਧਕਾਲ ਦੇ ਢਾਡੀਆਂ ਤੇ ਲੋਕ ਗਾਇਕਾਂ ਦੇ ਇਸ ਪਿਆਰੇ ਸਾਜ਼ ਨੂੰ ਗੁਰਮਤਿ ਸੰਗੀਤ ਵਿੱਚ ਵਿਸ਼ੇਸ਼ ਸਥਾਨ ਪ੍ਰਦਾਨ ਕੀਤਾ ਗਿਆ। ਇਸ ਪਰੰਪਰਾ ਵਿੱਚ ਇਸਦੇ ਪ੍ਰਯੋਗ ਦਾ ਪਰਾਰੰਭ ਗੁਰੂ ਅਮਰਦਾਸ ਜੀ ਤੋਂ ਮੰਨਿਆ ਜਾਂਦਾ ਹੈ। 'ਨਗ਼ਮਾਤੇ ਆਸਫ਼ੀ' ਵਿੱਚ ਇਸ ਸਾਜ਼ ਨੂੰ ਤੀਸਰੇ ਗੁਰੂ ਅਮਰਦਾਸ ਦੀ ਈਜ਼ਾਦ ਮੰਨਿਆ ਗਿਆ ਹੈ।[21] ਇੱਕ ਹੋਰ ਵਿਦਵਾਨ ਸ਼ਾਹਿੰਦਾ ਬੇਗਮ ਅਨੁਸਾਰ, ਇਸ ਅਨੋਖੀ ਦਿਖ ਵਾਲੇ ਸਾਜ਼ ਦਾ ਅਵਿਸ਼ਕਾਰ ਅੰਮ੍ਰਿਤਸਰ ਦੇ ਗੁਰੂ ਅਮਰਦਾਸ ਜੀ ਨੇ ਕੀਤਾ ਜਿਨ੍ਹਾਂ ਦਾ ਪ੍ਰਸਿੱਧ ਗੁਰਦੁਆਰਾ ਇਸ ਸ਼ਹਿਰ ਵਿੱਚ ਹੈ। ਇਹ ਸਾਰਾ ਲੱਕੜ ਦਾ ਬਣਿਆ ਹੁੰਦਾ ਜਿਸ ਦੇ ਹੇਠਾਂ ਅੰਡਾ ਅਕਾਰੀ ਖੋਲ ਹੁੰਦਾ ਅਤੇ ਇਸ ਦੇ ਉੱਤੇ ਇੱਕ ਲੱਕੜੀ ਦੀ ਪੱਟੀ ਹੁੰਦੀ ਹੈ ਜਿਸਦੇ ਉੱਤੋਂ ਵਜਾਈਆਂ ਜਾਣ ਵਾਲੀਆਂ ਤਾਰਾਂ ਹੁੰਦੀਆਂ ਹਨ। ਇਸ ਨੂੰ ਸਾਰੰਗੀ[22] ਵਾਂਗੂੰ ਰੱਖਕੇ ਗਜ਼ ਨਾਲ ਵਜਾਇਆ ਜਾਂਦਾ ਹੈ। ਉਂਗਲਾਂ ਨਾਲ ਤਾਰਾਂ ਨੱਪ ਕੇ ਸੁਰ ਕੱਢੇ ਜਾਂਦੇ ਹਨ।" ਇਸ ਹਵਾਲੇ ਵਿੱਚ ਭਾਵੇਂ ਸਰੰਦੇ ਨੂੰ 'ਸਾਜਿੰਦਾ' ਅਤੇ ਗੁਰੂ ਅਮਰਦਾਸ ਸਾਹਿਬ ਨੂੰ ਅੰਮ੍ਰਿਤਸਰ ਦੇ ਵਾਸੀ ਵਜੋਂ ਲਿਖਿਆ ਗਿਆ ਹੈ ਪਰ ਸਾਜਿੰਦਾ ਨਾਮਕ ਹੋਰ ਸਾਜ਼ ਪ੍ਰਚੱਲਤ ਨਾ ਹੋਣ ਕਰਕੇ ਇਸ ਹਵਾਲੇ ਨੂੰ ਸਰੰਦੇ ਦੇ ਪ੍ਰਸੰਗ ਵਿੱਚ ਹੀ ਵਾਚਣਾ ਚਾਹੀਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਉੱਤਮ ਸਵਰ ਦੇਣ ਵਾਲਾ ਤਾਰਦਾਰ ਸਾਜ਼ ਹੈ। ਜਿਸਨੂੰ ਗਜ਼ ਨਾਲ ਵਜਾਈ ਦਾ ਹੈ ਜਿਸਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਤਜਵੀਜ਼ ਨਾਲ ਬਣਾਕੇ ਸਿੱਖ ਰਾਗੀਆਂ ਨੂੰ ਬਖਸ਼ਿਆ ਅਤੇ ਵਜਾਉਣਾ ਸਿਖਾਇਆ।[23] ਪੁਰਾਤਨ ਕੁਝ ਸਾਖੀਆਂ ਵਿੱਚ ਵੀ ਪਰਚੱਲਤ ਹੈ ਕਿ ਭਾਈ ਮੋਹਨ ਕੋਲੋਂ ਗੋਇੰਦਵਾਲ ਵਿਖੇ ਪੋਥੀਆਂ ਲੈਣ ਲਈ ਜਦੋਂ ਗੁਰੂ ਅਰਜਨ ਦੇਵ ਜੀ ਗਏ ਤਾਂ ਆਪ ਨੇ ਉਹਨਾਂ ਦੇ ਗ੍ਰਿਹਿ ਦੇ ਬਾਹਰ ਸਰੰਦੇ ਨਾਲ ਹੀ ਕੀਰਤਨ ਕੀਤਾ ਸੀ।

ਉਕਤ ਵੇਰਵਿਆਂ ਨੂੰ ਇਕੋ ਪ੍ਰਸੰਗ ਵਿੱਚ ਵਿਸ਼ਲੇਸ਼ਣ ਕਰੀਏ ਤਾਂ ਗੁਰਮਤਿ ਸੰਗੀਤ ਵਿੱਚ ਇਸ ਸਾਜ਼ ਦਾ ਪ੍ਰਚੱਲਨ ਗੁਰੂ ਅਮਰਦਾਸ ਜੀ ਤੋਂ ਹੁੰਦਾ ਹੈ ਜਿਨ੍ਹਾਂ ਲੋਕ ਗਵੱਈਆਂ ਦੇ ਲੋਕ ਪ੍ਰਿਅ ਸਾਜ਼ ਨੂੰ ਸ਼ਬਦ ਕੀਰਤਨ ਨਾਲ ਪ੍ਰਯੋਗ ਕਰਕੇ ਵਿਸ਼ੇਸ਼ ਸਥਾਨ ਦਿਵਾਇਆ। ਇਸ ਪਰੰਪਰਾ ਨੂੰ ਗੁਰੂ ਅਰਜਨ ਦੇਵ ਜੀ ਨੇ ਅਗਾਂਹ ਤੋਰਿਆ ਅਤੇ ਗੁਰੂ ਘਰ ਦੇ ਕੀਰਤਨੀਆਂ ਨੂੰ ਇਸ ਸਾਜ਼ ਨਾਲ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ। ਇਸ ਸਾਜ਼ ਦਾ ਪਰਚਲਨ ਗੁਰੂ ਕਾਲ ਵਿੱਚ ਖੂਬ ਰਿਹਾ ਜਿਸਨੂੰ ਰਬਾਬੀਆਂ ਨੇ ਵੀ ਵਜਾਇਆ। 18ਵੀਂ, 19ਵੀਂ ਅਤੇ 20ਵੀਂ ਸਦੀ ਵਿੱਚ ਭਾਈ ਕਰਮ ਸਿੰਘ, ਭਾਈ ਲਾਭ ਸਿੰਘ, ਭਾਈ ਸੰਗਤ ਸਿੰਘ ਆਦਿ ਤੋਂ ਇਲਾਵਾ ਪ੍ਰਮੁੱਖ ਤੌਰ ਤੇ ਇਸ ਸਾਜ਼ ਦੇ ਵਾਦਕ ਬ੍ਰਹਮ ਗਿਆਨੀ ਬਾਬਾ ਸ਼ਾਮ ਸਿੰਘ ਹੋਏ ਜਿਨ੍ਹਾਂ ਨੇ 70 ਵਰ੍ਹੇ ਇਸ ਸਾਜ਼ ਨਾਲ ਕੀਰਤਨ ਦੀ ਸੇਵਾ ਨਿਭਾਈ।[24] ਵਰਤਮਾਨ

ਸਮੇਂ ਭਾਵੇਂ ਇਸ ਸਾਜ਼ ਦਾ ਪਰਚਲਨ ਨਾ ਮਾਤਰ ਹੀ ਰਿਹਾ ਹੈ ਪਰ ਪੰਜਾਬ ਦੇ ਕੁਝ ਰਾਗੀਆਂ ਤੋਂ ਇਲਾਵਾ ਰਾਜਸਥਾਨ ਦੇ ਪਰੰਪਰਾਗਤ ਲੋਕ ਗਾਇਕਾਂ (ਢਾਡੀਆਂ) ਵਿੱਚ ਇਹ ਸਾਜ਼ ਅਜੇ ਵੀ ਪ੍ਰਚਾਰ ਵਿੱਚ ਹੈ।

ਗਜ਼ ਨਾਲ ਵਜਾਏ ਜਾਣ ਵਾਲੇ ਇਸ ਸਾਜ਼ ਨੂੰ ਸਾਰੰਗੀ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਵਰਤਮਾਨ ਸਾਰੰਗੀ ਕਿਉਂ ਜੋ ਇੱਕ ਲੋਕ ਸਾਜ਼ ਤੋਂ ਵਿਕਸਤ ਸਾਜ਼ ਹੈ ਇਸ ਲਈ ਇਸਦੇ ਵੱਖ-ਵੱਖ ਸਰੂਪ ਪਰਚਾਰ ਵਿੱਚ ਹਨ ਜਿਨ੍ਹਾਂ ਦੀ ਵੰਡ ਮੁੱਖ ਤੌਰ ਤੇ ਲੋਕ ਸੰਗੀਤ ਵਿੱਚ ਢਾਡੀ ਗਾਇਕਾਂ ਦੁਆਰਾ ਵਜਾਈ ਜਾਣ ਵਾਲੀ ਸਾਰੰਗੀ ਜਗਤ ਵਿੱਚ ਸਹਾਇਕ ਸਾਜ਼ ਤੇ ਸ਼ਾਸਤਰੀ ਸੰਗੀਤ ਦੀਆਂ ਪੇਸ਼ਕਾਰੀਆਂ ਵਿੱਚ ਵਜਾਈ ਜਾਣ ਵਾਲੀ ਸਾਰੰਗੀ ਵਜੋਂ ਕੀਤਾ ਜਾ ਸਕਦਾ ਹੈ। ਸਰੰਦੇ ਦਾ ਸਾਜ਼ਾਤਮਕ ਸੁਭਾ ਤੇ ਗੁਣ ਲੋਕ ਸੰਗੀਤ ਵਿੱਚ ਵਜਾਈ ਜਾਣ ਵਾਲੀ ਸਾਰੰਗੀ ਨਾਲ ਕਾਫੀ ਮਿਲਦੇ ਹਨ। ਇੱਥੋਂ ਤੱਕ ਕਿ ਲੋਕ ਸੰਗੀਤ ਵਿੱਚ ਵਜਾਏ ਜਾਣ ਵਾਲੇ ਸਰੰਦੇ ਦੇ ਗਜ਼ ਨਾਲ ਵੀ ਘੁੰਗਰੂ ਬੰਨ੍ਹੇ ਜਾਂਦੇ ਹਨ। ਜਦੋਂ ਕੀਰਤਨ ਕਰਨ ਵਾਲੇ ਸਰੰਦੇ ਨਾਲ ਇਹਨਾਂ ਦਾ ਤਿਆਗ ਕੀਤਾ ਗਿਆ ਹੈ। ਸਰੰਦੇ ਦਾ ਅਕਾਰ ਲਗਭਗ ਤਿੰਨ ਫੁੱਟ ਹੁੰਦਾ ਇਸਦੇ ਹੇਠਾਂ ਅੰਡ ਅਕਾਰੀ ਖੋਲ ਦੇ ਤੂੰਬੇ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤੂੰਬੇ ਦੀ ਲੰਬਾਈ ਡੇਢ ਤੋਂ ਦੋ ਫੁੱਟ ਹੁੰਦੀ ਹੈ। ਤੂੰਬੇ ਨੂੰ ਚਮੜੇ ਨਾਲ ਮੜ੍ਹਿਆ ਜਾਂਦਾ ਹੈ ਅਤੇ ਇਸ ਤੂੰਬੇ ਉਪਰ ਡਾਂਡ ਲਗਾਈ ਜਾਂਦੀ ਹੈ ਜੋ ਕਿ ਇੱਕ ਫੁੱਟ ਤੋਂ ਡੇਢ ਫੁੱਟ ਤੱਕ ਲੰਬੀ ਹੁੰਦੀ ਹੈ। ਇਸ ਉੱਤੇ ਤਾਰਾਂ ਲਗਾਈਆਂ ਜਾਂਦੀਆਂ ਹਨ।

ਸਰੰਦੇ ਦੇ ਅਰੰਭਕ ਰੂਪ ਵਿਚ ਕਿਤੇ ਕਿਤੇ ਅੱਜ ਵੀ ਲੋਕ ਸੰਗੀਤਕ ਪ੍ਰਯੋਗ ਦੇ ਤਹਿਤ ਇਹ ਤਿੰਨ ਤਾਰਾਂ ਤਾਂਤ ਦੀਆਂ ਰਹੀਆਂ ਹਨ ਪਰ ਹੁਣ ਮੁੱਖ ਤਾਰ ਤਾਂਤ ਦੀ ਅਤੇ ਬਾਕੀ ਤਾਰਾਂ ਲੋਹੇ ਦੀਆਂ ਪਾਈਆਂ ਜਾਂਦੀਆਂ ਹਨ। ਸਰੰਦੇ ਵਿੱਚ ਵੀ ਹੁਣ ਤਰਬਾਂ ਦਾ ਪ੍ਰਯੋਗ ਹੋਣ ਲੱਗ ਪਿਆ ਹੈ। ਤਰਬਾਂ ਦੀ ਗਿਣਤੀ ਸਬੰਧੀ ਵਿਦਵਾਨਾਂ ਵਿੱਚ ਮਤਭੇਦ ਹੈ। ਕੁਝ ਵਿਦਵਾਨ ਇਹਨਾਂ ਦੀ ਗਿਣਤੀ ਦਸ[25] ਅਤੇ ਕੁਝ ਪੰਜ[26] ਸਵੀਕਾਰਦੇ ਹਨ। ਇਸ ਸਾਜ਼ ਵਿੱਚ ਸੱਜੇ ਹੱਥ ਨਾਲ ਗਜ਼ ਅਤੇ ਖੱਬੇ ਹੱਥ ਦੀ ਪਹਿਲੀ ਉਂਗਲੀ ਅਤੇ ਦੂਸਰੀ ਉਂਗਲੀ ਨਾਲ ਤਾਰਾਂ ਨੱਪ ਕੇ ਸੁਰ ਉਤਪੰਨ ਕੀਤੇ ਜਾਂਦੇ ਹਨ। ਇਸ ਸਾਜ਼ ਦਾ ਵਾਇਆ[27] ਕਾਫੀ ਘੱਟ ਹੁੰਦਾ ਹੈ। ਇਸ ਲਈ ਵਿਭਿੰਨ ਸਪਤਕ ਵਿਖਾਉਣ ਲਈ ਵੱਖ-ਵੱਖ ਤਾਰਾਂ ਦਾ ਇਸਤੇਮਾਲ ਕਲਾਯੁਕਤ ਵਿਧੀ ਦੁਆਰਾ ਕੀਤਾ ਜਾਂਦਾ ਹੈ। ਇਸ ਸਾਜ਼ ਦੀ ਅਵਾਜ਼ ਗੰਭੀਰ ਹੁੰਦੀ ਹੈ ਜਿਸ ਵਿੱਚ ਸਾਰੰਗੀ ਵਰਗਾ ਤਿਖੇਰਾਪਣ ਨਹੀਂ ਹੁੰਦਾ। ਇਹ ਸ਼ਬਦ ਕੀਰਤਨ ਲਈ ਅਤਿ ਢੁਕਵਾਂ ਸਾਜ਼ ਹੈ। ਇਸਦੇ ਸੁਤੰਤਰ ਵਾਦਨ ਦੀ ਪਰੰਪਰਾ ਵਿਕਸਤ ਨਹੀਂ ਹੋ ਸਕੀ ਪਰ ਗਾਇਨ ਲਈ ਸੰਗਤ ਵਾਸਤੇ ਇਹ ਸਾਜ਼ ਉਪਯੁਕਤ ਹੈ।

## ਤਾਊਸ

ਤਾਊਸ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਮੋਰ। ਇਸਰਾਜ ਦੀ ਡਾਂਡ ਤੋਂ ਬਿਨਾਂ ਬਾਕੀ ਤਬਲੀ ਵਾਲੇ ਹਿੱਸੇ ਨੂੰ ਜੇਕਰ ਮੋਰ ਦੀ ਸ਼ਕਲ ਵਿੱਚ ਬਣਾ ਦਿੱਤਾ ਜਾਵੇ ਤਾਂ ਉਸ ਨੂੰ ਤਾਊਸ ਦਾ ਨਾਮ ਦਿੱਤਾ ਜਾਂਦਾ ਹੈ। ਇਸ ਸਾਜ਼ ਦੇ ਬਾਕੀ ਸਾਰੇ ਅੰਗ ਅਤੇ ਵਾਦਨ ਵਿਧੀ ਇਸਰਾਜ ਵਾਂਗੂ ਹੀ ਹੈ। ਮਧ ਕਾਲ ਵਿੱਚ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਤੋਂ ਇਲਾਵਾ ਇਸ ਸਾਜ਼ ਦੇ ਪ੍ਰਮਾਣਕ ਪ੍ਰਮਾਣ ਉਪਲੱਬਧ ਨਹੀਂ ਹੁੰਦੇ ਪਰੰਤੂ ਪੰਜਾਬ ਦੀ ਸੰਗੀਤ ਪਰੰਪਰਾ ਵਿੱਚ ਗੁਰਮਤਿ ਸੰਗੀਤ ਦੇ ਸਨਮਾਨਯੋਗ ਮਹੰਤ ਗੱਜਾ ਸਿੰਘ (ਮਹਾਰਾਜਾ ਹਰੀ ਸਿੰਘ ਨਾਭਾ ਦੇ ਸੰਗੀਤਕਾਰ) ਇਸ ਸਾਜ਼ ਦੇ ਪ੍ਰਸਿੱਧ ਵਾਦਕ ਰਹੇ ਹਨ।

## ਇਸਰਾਜ

ਇਸਰਾਜ ਇੱਕ ਮਧਕਲੀਨ ਸਾਜ਼ ਹੈ। ਇਸ ਸਾਜ਼ ਦੇ ਅਵਿਸ਼ਕਾਰਕਕ ਸਬੰਧੀ ਕੋਈ ਪ੍ਰਮਾਣਕ ਜਾਣਕਾਰੀ ਨਹੀਂ ਮਿਲਦੀ। ਕੁਝ ਵਿਦਵਾਨ ਇਹ ਮੰਨਦੇ ਹਨ ਕਿ ਸਾਰੰਗੀ ਅਤੇ ਸਿਤਾਰ ਦੇ ਸਮਿਸ਼ਰਨ ਤੋਂ ਇਸਰਾਜ ਦਾ ਸਰੂਪ ਬਣਾ ਕੇ ਇਸ ਸਾਜ਼ ਦਾ ਪ੍ਰਚਾਰ ਹੋਇਆ।[28] ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਦੇ ਸੰਦਰਭ ਵਿੱਚ ਵਾਚੀਏ ਤਾਂ ਇਸ ਸਾਜ਼ ਦਾ ਪ੍ਰਚਾਰ ਗੁਰੂ ਅਰਜਨ ਦੇਵ ਜੀ ਦੇ ਕਾਲ ਵਿੱਚ ਮੰਨਿਆ ਜਾਂਦਾ ਹੈ। ਵਰਤਮਾਨ ਸਮੇਂ ਇਹ ਸਾਜ਼ ਗੁਰਮਤਿ ਸੰਗੀਤ ਵਿੱਚੋਂ ਲਗਭਗ ਅਲੋਪ ਹੋ ਚੁੱਕਿਆ ਹੈ।

'ਇਸਰਾਜ' ਸਾਜ਼ ਨੂੰ ਗਜ਼ ਨਾਲ ਵਜਾਇਆ ਜਾਂਦਾ ਹੈ। ਇਸਦੀ ਡਾਂਡ ਸਿਤਾਰ ਵਾਂਗੂੰ ਲੰਬੀ ਹੁੰਦੀ ਹੈ ਜਿਸ ਉੱਤੇ ਵਰਤਮਾਨ ਸਮੇਂ ਪਰਦਿਆਂ ਦੀ ਵਿਵਸਥਾ ਕੀਤੀ ਜਾਣ ਲਗ ਪਈ ਹੈ ਇਸ ਤਰ੍ਹਾਂ ਸਿਤਾਰ ਦੇ ਤੂੰਬੇ ਵਾਲੀ ਥਾਂ

ਉੱਤੇ ਇਸ ਸਾਜ਼ ਵਿੱਚ ਸਾਰੰਗੀ ਦੇ ਅਕਾਰ ਦਾ ਪੇਟ ਬਣਾਇਆ ਜਾਂਦਾ ਹੈ। ਜਿਸ ਉੱਤੇ ਰਵਾਲ ਮੜ੍ਹੀ ਜਾਂਦੀ ਹੈ। ਇਸਰਾਜ ਦੀ ਤਬਲੀ ਉੱਤੇ ਮੜ੍ਹੇ ਚਮੜੇ ਉੱਪਰ ਘੋੜੀ ਦਾ ਟਿਕਾ ਕੀਤਾ ਜਾਂਦਾ ਹੈ। ਜਿਸ ਉੱਤੋਂ ਤਾਰਾਂ ਗੁਜ਼ਰਦੀਆਂ ਹਨ। ਘੋੜੀ ਦੇ ਹੇਠਾਂ ਤਰਬ ਦੀਆਂ ਤਾਰਾਂ ਲਈ ਵੀ ਵਿਵਸਥਾ ਹੁੰਦੀ ਹੈ। ਡਾਂਡ ਦੇ ਉਪਰਲੇ ਹਿੱਸੇ ਤੇ ਤਾਰ ਗਹਿਨ ਲਗਾਇਆ ਜਾਂਦਾ ਹੈ। ਜਿਸ ਉਪਰ ਖੂੰਟੀਆਂ ਉੱਤੋਂ ਤਾਰਾਂ ਘੋੜੀ ਨੂੰ ਸਪਰਸ਼ ਕਰਕੇ ਥੱਲੇ ਕੀਲ ਜਾਂ ਲੰਗੋਟ ਵਲ ਜਾਂਦੀਆਂ ਹਨ। ਇਸਰਾਜ ਵਿੱਚ ਮੁੱਖ ਚਾਰ ਅਤੇ ਲਗਭਗ 15 ਤਰਬ ਦੀਆਂ ਤਾਰਾਂ ਹੁੰਦੀਆਂ ਹਨ। ਇਸਦੀ ਡਾਂਡ ਉੱਤੇ ਪਰਦੇ ਬੰਨ੍ਹੇ ਹੁੰਦੇ ਹਨ। ਆਮ ਤੌਰ ਤੇ ਪਰਦਿਆਂ ਦੀ ਗਿਣਤੀ 19 ਹੁੰਦੀ ਹੈ। ਇਸਰਾਜ ਦਾ ਗਜ਼ ਲਗਭਗ ਸਵਾ ਦੋ ਫੁੱਟ ਲੰਬਾ ਅਤੇ ਸਵਾ ਦੋ ਇੰਚ ਮੋਟਾਈ ਦਾ ਹੁੰਦਾ ਹੈ ਇਸ ਉੱਤੇ ਲੱਗੇ ਘੋੜੇ ਦੇ ਵਾਲਾਂ ਦੀ ਲੰਬਾਈ ਪੌਣੇ ਦੋ ਫੁੱਟ ਦੇ ਲਗਭਗ ਹੁੰਦੀ ਹੈ। ਇਸਦੇ ਪਹਿਲੇ ਤਾਰ ਨੂੰ ਬਾਜ ਦੇ ਤਾਰ ਵਜੋਂ ਜਾਣਿਆ ਜਾਂਦਾ ਹੈ ਜੋ ਮੰਦਰ ਸਪਤਕ ਦੇ ਮਧਿਅਮ ਤੇ ਮਿਲਾਇਆ ਹੁੰਦਾ ਹੈ। ਦੂਸਰਾ ਤਾਰ ਸ਼ੜਜ, ਤੀਜਾ ਤਾਰ ਮੰਦਰ ਪੰਚਮ, ਚੌਥਾ ਤਾਰ ਮੰਦਰ ਸ਼ੜਜ ਦਾ ਹੁੰਦਾ ਹੈ।

ਇਸਰਾਜ ਗਾਇਕੀ ਅਤੇ ਤੰਤਕਾਰੀ ਦੋਨੋਂ ਸ਼ੈਲੀਆਂ ਨਾਲ ਹੀ ਵਜਾਇਆ ਜਾਂਦਾ ਹੈ। ਵਰਤਮਾਨ ਸਮੇਂ ਇਸ ਸਾਜ਼ ਦੇ ਵਾਦਕ ਬਹੁਤ ਹੀ ਘੱਟ ਹਨ।

## ਦਿਲਰੁਬਾ

ਪੰਜਾਬ ਦੀ ਸੰਗੀਤ ਪਰੰਪਰਾ ਵਿੱਚ ਦਿਲਰੁਬਾ ਸਾਜ਼ ਵੀ ਪ੍ਰਚੱਲਤ ਰਿਹਾ ਹੈ ਜਿਸ ਦਾ ਸਿੱਖ ਪਰੰਪਰਾ ਵਿੱਚ ਵਿਸ਼ੇਸ਼ ਪਰਚਾਰ ਹੈ। ਇਸ ਸਾਜ਼ ਦਾ ਉਲੇਖ ਪ੍ਰਾਚੀਨ ਗਰੰਥਾਂ ਵਿੱਚ ਉਪਲੱਬਧ ਨਹੀਂ। ਸਪੱਸ਼ਟ ਰੂਪ ਵਿੱਚ ਇਹ ਕਹਿਣਾ ਬੜਾ ਕਠਿਨ ਹੈ ਕਿ ਇਹ ਸਾਜ਼ ਕਦੋਂ ਤੋਂ ਵਿਕਸਤ ਹੋਇਆ ਪਰੰਤੂ ਪਿਛਲੇ ਦੋ ਸੌ ਸਾਲ ਤੋਂ ਸਿੱਖ ਕੀਰਤਨ ਵਿੱਚ ਇਸ ਦਾ ਪ੍ਰਚਾਰ ਚਲਿਆ ਆ ਰਿਹਾ ਹੈ।

ਦਿਲਰੁਬਾ 'ਇਸਰਾਜ' ਵਰਗਾ ਹੀ ਸਾਜ਼ ਹੈ ਜਿਸ ਦੇ ਨੀਚੇ ਲੱਕੜ ਦੀ ਤਬਲੀ ਉੱਪਰ ਡਾਂਡ ਉੱਤੇ ਪਰਦੇ ਜੜੇ ਹੁੰਦੇ ਹਨ। ਦਿਲਰੁਬਾ ਦੀ ਡਾਂਡ ਇਸਰਾਜ ਨਾਲੋਂ ਛੋਟੀ ਹੁੰਦੀ ਹੈ। ਤਬਲੀ ਦਾ ਅਕਾਰ ਵਡੇਰਾ ਇਸਦੀ ਤਬਲੀ ਲੱਕੜ ਦੇ ਖੋਲ ਤੋਂ ਤਿਆਰ ਕੀਤੀ ਜਾਂਦੀ ਹੈ ਜਿਸ ਉੱਤੇ ਚਮੜਾ ਮੜ੍ਹਿਆ ਹੁੰਦਾ ਹੈ। ਘੋੜੀ ਤਾਰ ਗਹਿਨ, ਖੂੰਟੀਆਂ ਦੀ ਵਿਵਸਥਾ ਪਰੰਪਰਾਗਤ ਤਰੀਕੇ ਨਾਲ ਹੀ ਕੀਤੀ ਹੁੰਦੀ ਹੈ। ਦਿਲਰੁਬਾ ਨੂੰ ਘੋੜੇ ਦੇ ਵਾਲਾਂ ਨਾਲ ਬਣੇ ਗਜ਼ ਨਾਲ ਵਜਾਇਆ ਜਾਂਦਾ ਹੈ। ਇਸ ਦੇ ਮੁੱਖ ਚਾਰ ਤਾਰ ਕ੍ਰਮਵਾਰ ਮੰਦਰ, ਮਧਿਅਮ, ਮੰਤਰ ਸ਼ੜਜ, ਮੰਦਰ ਪੰਚਮ ਅਤੇ ਮੰਦਰ ਸ਼ੜਜ ਤੋਂ ਮਿਲਾਏ ਜਾਂਦੇ ਹਨ ਅਤੇ ਪੰਦਰਾਂ ਤੋਂ ਸਤਾਰਾਂ ਤਰਬਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹਨਾਂ ਨੂੰ ਰਾਗ ਦੀ ਮੂਲ ਸਵਰ ਵਿਵਸਥਾ ਅਨੁਸਾਰ ਮਿਲਾਇਆ ਜਾਂਦਾ ਹੈ। ਵਰਤਮਾਨ ਸੰਗੀਤ ਜਗਤ ਵਿੱਚ ਦਿਲਰੁਬਾ ਵਾਦਕਾਂ ਦੀ ਸੰਖਿਆ ਬਹੁਤ ਘੱਟ ਹੈ। ਸਿੱਖ ਰਾਗੀਆਂ ਵਿੱਚ ਪ੍ਰਚੱਲਤ ਤੰਤੀ ਸਾਜ਼ਾਂ ਵਿੱਚੋਂ ਇਸ ਦਾ ਵਧੇਰੇ ਪ੍ਰਚਾਰ ਰਿਹਾ ਹੈ। ਪੰਜਾਬ ਦੇ ਦਿਲਰੁਬਾ ਵਾਦਕਾਂ ਚੋਂ ਮਹੰਤ ਗੱਜਾ ਸਿੰਘ ਦੇ ਸ਼ਿਸ਼ ਉਸਤਾਦ ਹਰਨਾਮ ਸਿੰਘ ਦਾ ਨਾਮ ਪ੍ਰਮੁੱਖ ਹੈ।

## ਤਾਨਪੁਰਾ

ਤਾਨਪੁਰਾ ਜਿਸ ਨੂੰ ਤੰਬੂਰਾ ਵੀ ਆਖਿਆ ਜਾਂਦਾ ਹੈ ਗਾਇਨ ਸੰਗੀਤ ਲਈ ਮੂਲ ਅਧਾਰ ਮੰਨਿਆ ਜਾਂਦਾ ਹੈ। ਇਸ ਦਾ ਸੰਬੰਧ ਤੰਬੂਰ ਰਿਸ਼ੀ ਨਾਲ ਜੋੜਿਆ ਜਾਂਦਾ ਹੈ। ਤਾਨਪੁਰੇ ਦਾ ਵਰਤਮਾਨ ਸਰੂਪ ਸਦੀਆਂ ਦਾ ਵਿਕਾਸ ਤੈਅ ਕਰਕੇ ਸਾਡੇ ਤੱਕ ਪਹੁੰਚਿਆ ਹੈ। ਮੰਨਿਆ ਜਾਂਦਾ ਹੈ ਕਿ ਪ੍ਰਾਚੀਨ ਕਾਲ ਵਿੱਚ ਗਾਇਕ ਦੇ ਨਾਲ ਸਵਰ ਦੇਣ ਲਈ ਇੱਕ ਤੰਤਰੀ ਵੀਣਾ ਅਤੇ ਦੋ ਤੰਤਰੀ ਵੀਣਾ ਦਾ ਨਿਰੰਤਰ ਪ੍ਰਯੋਗ ਕੀਤਾ ਜਾਂਦਾ ਸੀ। ਜਿਸ ਦੀ ਝਣਕਾਰ ਗਾਇਕ ਨੂੰ ਮੂਲ ਪ੍ਰਾਥਮਿਕ ਸੁਰ ਵਲ ਕੇਂਦਰਤ ਰੱਖਦੀ ਸੀ। ਉਪਰੰਤ ਸੰਵਾਦ ਸਿਧਾਂਤ ਤੇ ਚਾਰ ਤਾਰਾਂ ਵਾਲਾ ਤੰਬੂਰਾ ਪ੍ਰਚਾਰ ਵਿੱਚ ਆਇਆ।[29] ਦਰਅਸਲ ਪੁਰਾਤਨ ਸਮੇਂ ਸਾਜ਼ਾਂ ਦੇ ਵੱਖ-ਵੱਖ ਨਾਮ ਪ੍ਰਚਾਰ ਵਿੱਚ ਨਹੀਂ ਸਨ ਇਸ ਲਈ ਇਹਨਾਂ ਨੂੰ ਇੱਕ ਤੰਤਰੀ, ਦੋ ਤੰਤਰੀ ਆਦਿ ਵੀਣਾਂਵਾਂ ਕਰਕੇ ਹੀ ਜਾਣਿਆਂ ਜਾਂਦਾ ਸੀ ਜਿਸ ਕਰਕੇ ਭਾਵੇਂ ਤਾਨਪੁਰਾ ਆਪਣੇ ਕਿਸੇ ਅਰੰਭਕ ਸਰੂਪ ਵਿੱਚ ਰਿਹਾ ਹੋਵੇ, ਪਰ ਉਸਦੀ ਸੁਤੰਤਰ ਪਹਿਚਾਣ ਕਰਨੀ ਕਠਿਨ ਜਾਪਦੀ ਹੈ। ਸੰਗੀਤ ਗ੍ਰੰਥਾਂ ਦੇ ਅਧਿਐਨ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਤੰਬੂਰੇ ਦਾ ਜ਼ਿਕਰ 'ਸੰਗੀਤ ਪਾਰਜਾਤ' ਨਾਮਕ ਗ੍ਰੰਥਾਂ ਵਿੱਚ ਹੋਇਆ ਹੈ।[30] ਇਸੇ ਤਰ੍ਹਾਂ ਅਬੁਲ ਫਜ਼ਲ ਨੇ ਆਪਣੀ ਰਚਨਾ *ਆਈਨੇ ਅਕਬਰੀ* ਵਿੱਚ ਤੰਬੂਰੇ ਨੂੰ ਸਵਰ ਵੀਣਾ ਪਰਿਚਤ

ਕਰਵਾਇਆ ਹੈ।[31] ਤਾਨਸੇਨ ਦੇ ਇੱਕ ਧਰੁਪਦ ਵਿੱਚ ਵੀ ਤੰਬੂਰੇ ਦਾ ਉਲੇਖ ਇਸ ਪ੍ਰਕਾਰ ਹੈ-

***ਤਾਲ ਪਖਾਵਜ ਆਵਜ ਬਾਜਤ ਢੋਲਕ ਔਰ ਤੰਬੂਰਾ***
***ਵੀਣਾ ਰਬਾਬ ਗੁਰਜ ਡਫ ਮੁਰਲੀ ਮਧੁਰ ਧੁਨੀ ਘੋਰਾ॥***

ਉਕਤ ਕੁਝ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਮਧਕਾਲ ਤੱਕ ਇਸ ਸਾਜ਼ ਦਾ ਪ੍ਰਚਾਰ ਆਮ ਹੋ ਚੁੱਕਾ ਸੀ। ਇਸ ਦਾ ਪ੍ਰਯੋਗ ਸੁਰ ਸੰਵਾਦ ਅਤੇ ਮੂਲ ਸੁਰਾਂ ਦੇ ਨਿਰੰਤਰ ਧੁਨੀ ਪ੍ਰਕਾਸ਼ ਨਾਲ ਸੀ ਤਾਂ ਜੋ ਸਬੰਧਤ ਗਾਇਨ ਦਾ ਇਕ ਨਿਰੰਤਰ ਵਾਤਾਵਰਨ ਸਿਰਜਿਆ ਜਾ ਸਕੇ।

ਭਾਰਤੀ ਸ਼ਾਸਤਰੀ ਸੰਗੀਤ ਦੀ ਤਰ੍ਹਾਂ ਸਿੱਖ ਸੰਗੀਤ ਵਿੱਚ ਵੀ ਇਸ ਦਾ ਪ੍ਰਚਾਰ ਰਾਗ ਦੇ ਧਨੀ ਰਾਗੀਆਂ ਰਬਾਬੀਆਂ ਦੁਆਰਾ ਹੁੰਦਾ ਰਿਹਾ ਭਾਵੇਂ ਇਸ ਸਮੇਂ ਰਬਾਬ, ਸਰੰਦਾ, ਤਾਊਸ ਆਦਿ ਵਰਗੇ ਸਾਜ਼ ਸੁਤੰਤਰ ਤੌਰ ਤੇ ਵੱਖ-ਵੱਖ ਗੁਰੂਕਾਲਾਂ ਵਿੱਚ ਪ੍ਰਧਾਨ ਰਹੇ ਪਰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤੱਕ ਇਸ ਸਾਜ਼ ਦਾ ਸਪੱਸ਼ਟ ਪ੍ਰਯੋਗ ਸਾਹਮਣੇ ਆਉਂਦਾ ਹੈ। ਮੰਨਿਆ ਜਾਂਦਾ ਕਿ ਗੁਰੂ ਗੋਬਿੰਦ ਸਿੰਘ ਜੀ ਖੁਦ ਤਾਨਪੁਰੇ ਉਪਰ ਰਾਗਾਤਮਕ ਸ਼ਬਦ ਗਾਇਨ ਕਰਿਆ ਕਰਦੇ ਸਨ। ਜਿਸ ਦੇ ਸੰਗੀਤਕ ਮਹੱਤਵ ਦਾ ਸਪੱਸ਼ਟ ਪ੍ਰਮਾਣ ਦਸਮ ਗ੍ਰੰਥ ਅਤੇ ਸਰਬਲੋਹ ਗ੍ਰੰਥ ਦੀ ਸੰਗੀਤਕ ਮਹਾਨਤਾ ਹੈ। ਵਰਤਮਾਨ ਸਮੇਂ ਤੱਕ ਕਈ ਗੁਣੀ ਉਸਤਾਦ ਸਿੱਖ ਕੀਰਤਨਕਾਰਾਂ ਦੁਆਰਾ ਤਾਨਪੁਰੇ ਦਾ ਪ੍ਰਯੋਗ ਨਿਰੰਤਰ ਚਲਿਆ ਆ ਰਿਹਾ ਹੈ ਭਾਵੇਂ ਕਿ ਹਰਮੋਨੀਅਮ ਦੀ ਆਮਦ ਨਾਲ ਇਸ ਦਾ ਪ੍ਰਯੋਗ ਵੀ ਬਾਕੀ ਤੰਤੀ ਸਾਜ਼ਾਂ ਵਾਂਗੂ ਓਨਾ ਨਹੀਂ ਰਿਹਾ ਫਿਰ ਵੀ ਗੁਰਮਤਿ ਸੰਗੀਤ ਦੇ ਦੂਸਰੇ ਤੰਤੀ ਸਾਜ਼ਾਂ ਨਾਲੋਂ ਇਸ ਦਾ ਪ੍ਰਚਾਰ ਵਧੇਰੇ ਹੈ। ਤਾਨਪੁਰਾ ਭਾਰਤੀ ਸੰਗੀਤ ਵਿੱਚ ਮਿਲਣ ਵਾਲਾ ਆਮ ਪ੍ਰਚੱਲਤ ਵਾਦਯ ਹੈ ਜਿਸ ਦੇ ਸਰੂਪ ਦਾ ਜ਼ਿਕਰ ਸੰਗੀਤ ਦੀਆਂ ਅਰੰਭਕ ਪੁਸਤਕਾਂ ਤੋਂ ਹੀ ਮਿਲ ਜਾਂਦਾ ਹੈ ਜਿਸ ਕਰਕੇ ਇਸਦੇ ਵਧੇਰੇ ਵਿਸਤਾਰ ਸਹਿਤ ਵਰਣਨ ਦੀ ਗੁਰੇਜ਼ ਕੀਤੀ ਗਈ ਹੈ।

## ਸਿਤਾਰ

ਸਪਸ਼ਟ ਰੂਪ ਵਿੱਚ ਸਿਤਾਰ ਦੇ ਅਵਿਸ਼ਕਾਰਕ ਦਾ ਭਾਰਤੀ ਸੰਗੀਤ ਵਿੱਚ ਵੀ ਨਿਰਣਾ ਨਹੀਂ ਹੋ ਸਕਿਆ। ਸਿਤਾਰ ਦੇ ਇਤਿਹਾਸਕ ਵਿਕਾਸ ਨੂੰ ਵਿਗਿਆਨਕ ਪੱਧਰ ਤੇ ਵਿਸ਼ਲੇਸ਼ਣ ਕਰਨ ਵਾਲੇ ਸੰਗੀਤ ਵਿਗਿਆਨੀ ਇਸ ਸਾਜ਼ ਨੂੰ ਪੁਰਾਤਨ ਵੀਣਾਵਾਂ ਤੋਂ ਵਿਕਸਤ ਹੀ ਪਰਵਾਨਦੇ ਹਨ। ਪੰਜਾਬ ਦੇ ਸਿੱਖ ਕੀਰਤਨਕਾਰਾਂ ਵਿੱਚ ਇਸ ਸਾਜ਼ ਦਾ ਪ੍ਰਯੋਗ ਉੱਨੀਵੀਂ ਸਦੀ ਤੋਂ ਸਪੱਸ਼ਟ ਰੂਪ ਵਿੱਚ ਨਜ਼ਰੀ ਆਉਂਦਾ ਹੈ। ਇਸ ਲਈ ਇਸ ਸਾਜ਼ ਨੂੰ ਵੀ ਗੁਰਮਤਿ ਸੰਗੀਤ ਦੀ ਸਾਜ਼ ਪਰੰਪਰਾ ਨਾਲ ਜੋੜਿਆ ਜਾਂਦਾ ਹੈ। ਵਰਤਮਾਨ ਸਮੇਂ ਭਾਰਤੀ ਸੰਗੀਤ ਦੇ ਅਕਾਦਮਕ ਸੰਗੀਤ ਜਗਤ ਵਿੱਚ ਸਿਤਾਰ ਦਾ ਪ੍ਰਯੋਗ ਆਮ ਹੈ ਅਤੇ ਲਗਭਗ ਸਮੂਹ ਸੰਗੀਤ ਵਿਦਿਆਰਥੀ ਇਸ ਤੋਂ ਪਰਿਚਤ ਹਨ ਇਸ ਕਰਕੇ ਏਸ ਸਾਜ਼ ਦੇ ਹੋਰ ਵਧੇਰੇ ਵਿਸਤਾਰ ਦੀ ਲੋੜ ਨਹੀਂ ਭਾਸਦੀ।

## ਮਿਰਦੰਗ/ਪਖਾਵਜ/ਜੋੜੀ (ਤਬਲਾ)

ਗੁਰਮਤਿ ਸੰਗੀਤ ਵਿੱਚ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਤੱਕ ਮਿਰਦੰਗ/ਪਖਾਵਜ ਦੀ ਵਰਤੋਂ ਹੁੰਦੀ ਰਹੀ ਕਿਉਂ ਜੋ[32] ਇਸ ਸਮੇਂ ਤੱਕ ਧਰੁਪਦ ਗਾਇਨ ਦੀ ਪ੍ਰਧਾਨਤਾ ਸੀ। ਇਸੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨਕਾਲ ਤੋਂ ਇਸ ਗੱਲ ਦਾ ਹਵਾਲਾ ਸਪੱਸ਼ਟ ਸੰਕੇਤ ਹੈ ਜਿਸ ਵਿੱਚ ਬਨਾਰਸ ਦੇ ਸਿੱਖ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮਿਰਦੰਗ ਭੇਟ ਕੀਤੀ। ਅੱਜ ਵੀ ਉਸ ਗੁਰਦੁਆਰੇ ਦਾ ਨਾਮ *'ਸੰਗੀਤ ਮਿਰਦੰਗ ਵਾਲੀ'* ਕਰਕੇ ਪ੍ਰਸਿੱਧ ਹੈ।[33] 19ਵੀਂ ਸਦੀ ਦੇ ਪ੍ਰਾਰੰਭ ਵਿੱਚ ਜੋੜੀ (ਤਬਲਾ) ਪੰਜਾਬ ਵਿੱਚ ਹੋਂਦ ਵਿੱਚ ਆਇਆ, ਜਿਸ ਦਾ ਪ੍ਰਚਾਰ ਗੁਰਮਤਿ ਸੰਗੀਤ ਵਿੱਚ ਵਰਤਮਾਨ ਕਾਲ ਤੱਕ ਹੁੰਦਾ ਚਲਿਆ ਆ ਰਿਹਾ ਹੈ। ਵੱਖ-ਵੱਖ ਟਕਸਾਲਾਂ ਵਿੱਚ ਕੀਰਤਨ ਦੇ ਨਾਲ-ਨਾਲ ਜੋੜੀ ਜਾਂ ਤਬਲਾ ਵਾਦਨ ਦੀ ਸਿੱਖਿਆ ਵੀ ਸੁਤੰਤਰ ਰੂਪ ਵਿੱਚ ਦਿੱਤੀ ਜਾਂਦੀ ਹੈ ਪੰਜਾਬ ਘਰਾਣੇ ਤੋਂ ਇਲਾਵਾ ਪੰਜਾਬ ਦੇ ਪ੍ਰਸਿੱਧ ਤਬਲਾ ਵਾਦਨ ਦੇ ਘਰਾਣੇ ਗੁਰਮਤਿ ਸੰਗੀਤ ਨਾਲ ਵਾਬਸਤਾ ਰਹੇ ਹਨ।

## ਢੋਲਕ/ਚਿਮਟਾ/ਖੜਤਾਲ/ਛੈਣੇ ਆਦਿ

ਢੋਲਕ/ਚਿਮਟਾ/ਖੜਤਾਲ/ਛੈਣੇ ਆਦਿ ਸਾਜ਼ਾਂ ਦਾ ਪ੍ਰਯੋਗ ਗੁਰਮਤਿ ਸੰਗੀਤ ਦੇ ਲੋਕ ਗਾਇਨ ਪਰਵਾਹ ਵਿੱਚ ਜ਼ਿਆਦਾ ਕੀਤਾ ਜਾਂਦਾ ਹੈ ਜਿਸ ਅਧੀਨ ਗੁਰਦੁਆਰਾ ਸਾਹਿਬਾਨ ਵਿੱਚ ਸਧਾਰਨ ਸਿੱਖ ਸੰਗਤਾਂ ਚੌਂਕੀ ਕੱਢਣ ਵੇਲੇ ਪਰਿਕਰਮਾ ਕਰਦਿਆਂ ਇਹਨਾਂ ਸਾਜ਼ਾਂ ਨਾਲ ਗਾਇਨ ਕਰਦੀਆਂ ਹਨ। ਨਗਰ ਕੀਰਤਨ, ਇਸਤਰੀ ਸਤਿਸੰਗ ਕੀਰਤਨ,

ਜੋਟੀਆਂ ਦਾ ਕੀਰਤਨ ਅਤੇ ਸੰਤ ਮਹਾਤਮਾ ਇਹਨਾਂ ਸਾਜ਼ਾਂ ਦਾ ਪ੍ਰਯੋਗ ਆਪਣੇ ਗਾਇਨ ਲਈ ਵਿਸ਼ੇਸ਼ ਰੂਪ ਵਿੱਚ ਕਰਦੇ ਹਨ।

## ਹਰਮੋਨੀਅਮ

19ਵੀਂ ਸਦੀ ਦੇ ਅੰਤਲੇ ਸਮੇਂ ਤੋਂ ਸਿੱਖ ਕੀਰਤਨ ਵਿੱਚ ਹਰਮੋਨੀਅਮ ਦਾ ਪ੍ਰਵੇਸ਼ ਹੋਇਆ। ਤੰਤੀ ਸਾਜ਼ਾਂ ਦੀ ਸਿਖਲਾਈ ਲਈ ਕਠਨ ਤਪਸਿਆ ਸਾਹਵੇਂ ਇਸ ਸੁਖੈਨ ਸਾਜ਼ ਦਾ ਅਪਣਾਏ ਜਾਣਾ ਸੁਭਾਵਕ ਹੀ ਸੀ। ਵਰਤਮਾਨ ਸਮੇਂ ਸ਼ਬਦ ਕੀਰਤਨ ਲਈ ਕੇਵਲ ਹਰਮੋਨੀਅਮ (ਵਾਜਾ) ਨੂੰ ਹੀ ਅਧਾਰ ਸਾਜ਼ ਮੰਨਿਆ ਜਾਣ ਲੱਗ ਪਿਆ ਹੈ। ਵਰਤਮਾਨ ਸਮੇਂ ਨਾਮਧਾਰੀ ਪਰੰਪਰਾ ਦੇ ਕੁਝ ਕੀਰਤਨੀਆਂ ਤੋਂ ਬਿਨ੍ਹਾਂ ਕੋਈ ਵੀ ਐਸਾ ਕੀਰਤਨੀਆਂ ਨਜ਼ਰ ਨਹੀਂ ਆਉਂਦਾ ਜਿਹੜਾ ਨਿਰੋਲ ਤੰਤੀ ਸਾਜ਼ਾਂ ਉੱਤੇ ਕੀਰਤਨ ਕਰਦਾ ਹੋਵੇ। ਇਸ ਸਾਜ਼ ਦਾ ਪ੍ਰਯੋਗ ਸਾਰੇ ਭਾਰਤੀ ਸੰਗੀਤ ਵਿੱਚ ਹੀ ਆਮ ਹੋਣ ਲੱਗ ਪਿਆ ਹੈ। ਪਰ ਇਸ ਸਾਜ਼ ਨਾਲ ਗਾਇਨ/ਕੀਰਤਨ ਦੀ ਰਾਗਾਤਮਕ ਸ਼ੁਧਤਾ ਨੂੰ ਸਪੱਸ਼ਟ ਰੂਪ ਵਿੱਚ ਖੋਰਾ ਲੱਗਿਆ ਹੈ। ਤੰਤੀ ਸਾਜ਼ਾਂ ਦਾ ਅਲੋਪ ਹੋ ਜਾਣਾ, ਰਾਗਾਂ ਦੇ ਸਹੀ ਸ਼ੁਧ ਸਰੂਪਾਂ ਦਾ ਖਾਤਮਾ, ਸ਼ੁਧ ਸਵਰ ਗਿਆਨ ਦੀ ਕਮੀ, ਸੰਗੀਤ ਸਿਖਲਾਈ ਦੀ ਯੋਗ ਆਵਸ਼ਕਤਾ ਨਾ ਸਮਝਣਾ, ਸਾਜ਼ਾਂ ਦਾ ਕੀਰਤਨ ਤੇ ਭਾਰੂ ਹੋ ਜਾਣਾ, ਸਾਜ਼ਾਂ ਦੇ ਗਾਇਨ ਸਮੇਂ ਅੰਤਰਾਲਾ ਵਿੱਚ ਸੁਤੰਤਰ/ਵੱਖਰੇ ਵਾਦਨ ਦੁਆਰਾ ਸ਼ਬਦ ਭਾਵ ਦੇ ਖੰਡਤ ਹੋਣ ਦੀ ਸੰਭਾਵਨਾ ਬਣੇ ਰਹਿਣ ਵਰਗੇ ਅਨੇਕ ਨਕਾਰਤਮਕ ਲੱਛਣ ਸਾਡੇ ਸਾਹਮਣੇ ਆ ਰਹੇ ਹਨ।

ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਅਨਿਨ ਸਾਥੀ ਭਾਈ ਮਰਦਾਨਾ ਦੁਆਰਾ ਰਬਾਬ ਦੇ ਪ੍ਰਯੋਗ ਤੋਂ ਪਰਾਰੰਭ ਹੋ ਕੇ ਵੱਖ-ਵੱਖ ਸਾਜ਼ਾਂ ਦੇ ਪ੍ਰਯੋਗ ਦੀ ਇੱਕ ਵਡੇਰੀ ਪ੍ਰੰਪਰਾ ਮੌਜੂਦ ਰਹੀ ਹੈ ਜਿਸ ਵਿਚ ਗੁਰੂ ਸਾਹਿਬਾਨਾਂ ਨੇ ਸਮੇਂ ਸਮੇਂ ਭਰਪੂਰ ਯੋਗਦਾਨ ਪਾਇਆ ਹੈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੱਕ ਇਸਰਾਜ ਵੀ ਇਸ ਸ਼੍ਰੇਣੀ ਵਿੱਚ ਸ਼ਾਮਲ ਹੋ ਚੁੱਕਿਆ ਸੀ। ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਦੇ ਕਾਲ ਤੱਕ ਕੀਰਤਨ ਲਈ ਤਾਊਸ ਦਾ ਪ੍ਰਯੋਗ ਅਤੇ ਵਾਰ ਗਾਇਨ ਲਈ ਢੱਡ ਸਾਰੰਗੀ ਦਾ ਪ੍ਰਯੋਗ ਹੋਣ ਲੱਗ ਪਿਆ ਸੀ। ਇਸ ਤਰ੍ਹਾਂ ਹੀ ਗੋਬਿੰਦ ਸਿੰਘ ਜੀ ਤੱਕ ਤਾਨਪੁਰੇ ਸਮੇਤ ਰਬਾਬ, ਸਾਰੰਦਾ, ਤਾਊਸ, ਇਸਰਾਜ ਅਤੇ ਦਿਲਰੁਬਾ ਵਰਗੇ ਸਾਜ਼ ਪ੍ਰਯੋਗ ਅਧੀਨ ਰਹੇ। ਤਾਲ ਦੇਣ ਲਈ ਵਿਸ਼ੇਸ਼ ਤੌਰ 'ਤੇ ਪਖਾਵਜ/ਮਿਰਦੰਗ ਦਾ ਪ੍ਰਯੋਗ ਅਤੇ ਵਾਰ ਦੇ ਲੋਕ ਗਾਇਨ ਲਈ ਢੱਡ ਤੇ ਢੋਲਕ, ਚਿਮਟਾ ਆਦਿ ਸਾਜ਼ਾਂ ਦਾ ਪ੍ਰਯੋਗ ਵੀ ਰਿਹਾ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਗੁਰਮਤਿ ਸੰਗੀਤ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਸਾਜ਼ਾਂ ਦਾ ਪ੍ਰਯੋਗ ਕੇਵਲ ਸ਼ਬਦ ਕੀਰਤਨ ਵਿੱਚ ਸਹਾਇਕ ਸਾਜ਼ ਵਜੋਂ ਹੀ ਸੀ। ਇਸ ਸੰਗੀਤ ਪਰੰਪਰਾ ਦਾ ਮੂਲ ਉਦੇਸ਼ ਕੀਰਤਨ ਦੁਆਰਾ ਸ਼ਬਦ/ਬਾਣੀ ਦਾ ਸੰਚਾਰ ਕਰਨਾ ਸੀ ਅਤੇ ਕੀਰਤਨ ਪ੍ਰਸਤੁਤੀ ਲਈ ਇਹਨਾਂ ਸਾਜ਼ਾਂ ਦਾ ਪ੍ਰਯੋਗ ਹੁੰਦਾ ਰਿਹਾ ਪ੍ਰੰਤੂ ਕਿਸੇ ਕਿਸਮ ਸੁਤੰਤਰ ਜਾਂ ਇਕਾਂਕੀ ਜਾਂ ਸੁਤੰਤਰ ਵਾਦਨ ਦੀ ਪਰੰਪਰਾ ਨਹੀਂ ਰਹੀਂ ਸਗੋਂ ਕੀਰਤਨਕਾਰ ਦੇ ਗਾਇਨ ਵਾਦਨ ਦਾ ਅਨੁਕਰਨ ਹੀ ਇਹਨਾਂ ਦਾ ਵਿਸ਼ੇਸ਼ ਕਾਰਜ ਸੀ।

ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਸਾਜ਼ਾਂ ਦੀ ਧੁਨੀ ਦੀ ਉਤਪਾਦਨ ਪ੍ਰਕਿਰਿਆ ਗੰਭੀਰਤਾ ਪ੍ਰਧਾਨ ਰਹੀ ਅਤੇ ਉਸ ਸਮੇਂ ਪ੍ਰਚੱਲਤ ਸਾਜ਼ਾਂ ਵਿਚੋਂ ਉਹਨਾਂ ਹੀ ਸਾਜ਼ਾਂ ਦਾ ਹੋਇਆ ਜਿਹੜੇ ਗਾਇਨ ਸੰਗੀਤ ਲਈ ਸੰਗਤ ਦੇ ਅਨੁਕੂਲ ਸਨ। ਗਾਇਨ ਉੱਤੇ ਭਾਰੂ ਹੋਣ ਵਾਲੇ ਜਾਂ ਵੱਖਰੇ ਤੌਰ ਤੇ ਧਿਆਨ ਆਕਰਸ਼ਤ ਕਰਨ ਵਾਲੇ ਸਾਜ਼ਾਂ ਦਾ ਪ੍ਰਯੋਗ ਨਜ਼ਰੀ ਨਹੀਂ ਆਉਂਦਾ ਅਤੇ ਨਾ ਹੀ ਮੁੱਖ ਸਾਜ਼ ਪ੍ਰਯੋਗ ਕੀਤੇ ਗਏ।

ਵਰਤਮਾਨ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਵਿੱਚ ਤੰਤੀ ਸਾਜ਼ਾਂ ਦਾ ਪ੍ਰਯੋਗ ਨਾਮਾਤਰ ਹੀ ਹੈ। ਇਸ ਦਾ ਪ੍ਰਮੁੱਖ ਕਾਰਨ ਹਰਮੋਨੀਅਮ ਅਤੇ ਹੋਰ ਆਧੁਨਿਕ ਸਾਜ਼ਾਂ ਦੀ ਪ੍ਰਵਿਰਤੀ ਕੇਵਲ ਗੁਰਮਤਿ ਸੰਗੀਤ ਦਾ ਹੀ ਹਿੱਸਾ ਨਹੀਂ ਰਹੀ ਸਗੋਂ ਸਮੁੱਚੇ ਭਾਰਤੀ ਸੰਗੀਤ ਵਿੱਚ ਉਪਯੋਗੀ ਨਵੇਂ ਸਾਜ਼ਾਂ ਨੂੰ ਅਪਣਾਇਆ ਜਾਣ ਲੱਗ ਪਿਆ ਹੈ ਇਹਨਾਂ ਦੀ ਤੁਲਨਾ ਵਿੱਚ ਤੰਤੀ ਸਾਜ਼ਾਂ ਦੇ ਕੁਸ਼ਲ ਵਾਦਕ ਦਿਨੋ ਦਿਨ ਘਟਦੇ ਜਾ ਰਹੇ ਹਨ। ਤੰਤੀ ਸਾਜ਼ਾਂ ਦੇ ਅਲੋਪ ਹੋਣ ਦਾ ਇੱਕ ਪ੍ਰਮੁੱਖ ਕਾਰਨ ਇਹ ਵੀ ਹੈ ਕਿ ਸਾਜ਼ ਸਿੱਖਣਾ ਅਤੇ ਗਾਉਣਾ ਦੋਵੇਂ ਸਮਾਨ ਸਾਧਨਾ ਵਾਲੀਆਂ ਵਡੇਰੀਆਂ ਤੇ ਕਠਿਨ ਕਲਾਵਾਂ ਹਨ। ਇਸ ਲਈ ਇਹਨਾਂ ਵਰਗੇ ਨਵੇਂ ਨਵੇਂ ਸਾਜ਼ਾਂ ਦਾ ਪ੍ਰਯੋਗ ਹੋਣ ਲੱਗ ਪਿਆ।

ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਤੰਤੀ ਸਾਜ਼ਾਂ ਦੇ ਅਲੋਪ ਹੋ ਜਾਣ ਨਾਲ ਇਸ ਪਰੰਪਰਾ ਦਾ ਕੀਰਤਨ ਪ੍ਰਣਾਲੀ

'ਤੇ ਵਿਸ਼ੇਸ਼ ਅਸਰ ਹੋਇਆ। ਤੰਤੀ ਸਾਜ਼ਾਂ ਦੀ ਵਰਤੋਂ ਨਾ ਹੋਣ ਕਰਕੇ ਸਵਰ ਦੇ ਗਿਆਨ ਅਤੇ ਸਵਰ ਸਾਧਨਾ ਵਿੱਚ ਕਮੀ ਆਉਣ ਨਾਲ ਸਿੱਖ ਕੀਰਤਨਕਾਰਾਂ ਦੀ ਰਾਗਾਤਮਕ ਸੂਝ ਤੇ ਸੰਗੀਤਕ ਸੋਹਜ ਵਿੱਚ ਜ਼ਰੂਰ ਕੁਝ ਕਮੀ ਆਈ ਹੈ। ਇਸ ਨਾਲ ਉਹਨਾਂ ਦਾ ਗਾਇਨ, ਰਾਗ ਮੁਖੀ ਜਾਂ ਸ਼ਾਸਤਰੀ ਸੰਗੀਤ ਵਰਗੀ ਪਰਪੱਕਤਾ ਦੇ ਧਾਰਨੀ ਹੋਣ ਦੀ ਬਜਾਏ ਕੇਵਲ ਧੁਨਾਂ ਜਾਂ ਗੀਤਾਂ ਦਾ ਅਨੁਸਾਰੀ ਹੋ ਕੇ ਹੀ ਰਹਿ ਗਿਆ ਹੈ। ਹੁਣ ਕੀਰਤਨਕਾਰ ਦੀ ਪਹਿਚਾਣ ਰਾਗਾਤਮਕ ਗਾਇਣ ਕਰਕੇ ਨਹੀਂ ਸਗੋਂ ਸਧਾਰਨ ਧੁਨਾਂ ਵਿੱਚ ਗਾਉਣ ਕਰਕੇ ਹੋਣ ਲੱਗ ਪਈ ਹੈ, ਜਿਸ ਨਾਲ ਗੁਰਮਤਿ ਸੰਗੀਤ ਦੀ ਰਾਗ ਪਰੰਪਰਾ, ਇਸ ਦੀ ਸਾਜ਼ ਵਾਦਨ ਪਰੰਪਰਾ ਅਤੇ ਸੰਗੀਤ ਪ੍ਰਬੰਧ ਦੀ ਮੌਲਿਕਤਾ ਉੱਤੇ ਗਹਿਰਾ ਪ੍ਰਭਾਵ ਪਿਆ ਹੈ। ਵਰਤਮਾਨ ਸਮੇਂ ਕੋਈ ਵੀ ਸਿੱਖ ਸੰਸਥਾ ਸਾਜ਼ਾਂ, ਵਿਸ਼ੇਸ਼ ਕਰਕੇ ਤੰਤੀ ਸਾਜ਼ਾਂ ਦੀ ਸਿਖਲਾਈ, ਪ੍ਰਚਾਰ ਵਲ ਕੋਈ ਵਿਸ਼ੇਸ਼ ਧਿਆਨ ਨਹੀਂ ਦੇ ਰਹੀ। ਜਿਸਦੀ ਬੁਨਿਆਦੀ ਜ਼ਰੂਰਤ ਹੈ।

## ਹਵਾਲੇ ਅਤੇ ਪਦ-ਟਿੱਪਣੀਆਂ


1. *ਸੰਗੀਤ ਭਾਸ਼ਯ,* ਪੰਨਾ 328
2. *ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ,* (ਭਾਗ ਪਹਿਲਾ) ਪੰਨਾ 34
3. ਪੰਚ ਸ਼ਬਦਿ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ॥ (ਮਹਲਾ ੧, ਪੰਨਾ ੭੬੪)
4. ਪੰਚ ਬਚਿਤ੍ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥ (ਮਹਲਾ ੫, ਪੰਨਾ ੮੮੫)
5. ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ, (ਭਾਗ ਪਹਿਲਾ) ਪੰਨਾ 34
6. ਕਾਨ੍ਹ ਸਿੰਘ ਨਾਭਾ, *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 788
7. ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ॥ (ਵਾਰਾਂ ਭਾਈ ਗੁਰਦਾਸ ਵਾਰ ੧੧, ਪਉੜੀ ੧੩)
   ਇਕਿ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ॥(ਵਾਰਾਂ ਭਾਈ ਗੁਰਦਾਸ ਵਾਰ ੧, ਪਉੜੀ ੩੫)
8. ਕਾਨ੍ਹ ਸਿੰਘ ਨਾਭਾ, *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ ੮੧੬
9. ਭਾਈ ਵੀਰ ਸਿੰਘ, *ਸ੍ਰੀ ਗੁਰੂ ਨਾਨਕ ਚਮਤਕਾਰ (ਪੁਰਸ਼ਾਰਥ),* ਪੰਨਾ 306
10. *ਜਨਮ ਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ,* ਲੇਖਕ ਸੰਤ ਦਾਸ ਛਿਬਰ (ਸੰਪਾ. ਡਾ. ਗੁਰਦੇਵ ਸਿੰਘ) ਪੰਨਾ ੧੨੬
11. *ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹ ਕੀ,* ਲੇਖਕ ਸੰਤ ਦਾਸ ਛਿਬਰ (ਸੰਪਾ. ਡਾ. ਗੁਰਦੇਵ ਸਿੰਘ) ਪੰਨਾ ੧੭੪
12. ਭਾਈ ਮਰਦਾਨੇ ਦਾ ਰਬਾਬ ਭਾਈ ਸਾਧੂ ਸਿੰਘ, ਸਰਨ ਸਿੰਘ ਜੀ ਹਕੀਮ ਪਾਸ ਹੈ, ਜੋ ਦਬਗਰੀ ਦਰਵਾਜੇ ਪਾਸ (ਪੇਸ਼ਾਵਰ) ਰਹਿੰਦੇ ਹਨ। (ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1211)
13. ਲਾਲਮਣੀ ਮਿਸ਼ਰ, *ਭਾਰਤੀਯ ਸੰਗੀਤ ਵਾਦਯ,* ਪੰਨਾ ੪੯
14. ਚੌਧਰੀ ਵਿਮਲਾਕਾਂਤ ਰਾਇ, *ਭਾਰਤੀਯ ਸੰਗੀਤ ਕੋਸ਼,* ਪੰਨਾ ੧੩੪
15. The music and musical Instrument of Southern India and the Decan, P. 127
16. ਜੀਲ ਬਿਨਾ ਕੈਸੇ ਬਜੈ ਰਬਾਬ (ਭੈਰਉ ਮਹਲਾ ੫, ਗੁ. ਗ੍ਰੰ., ਪੰਨਾ ੧੧੪੦)
17. The Mirror, May 1980. P. 95
18. ਇਹਨਾਂ ਰਬਾਬਾਂ ਦੇ ਚਿੱਤਰ ਵੇਖੋ ਅੰਤਿਕਾ ਪੰਨਾ
19. "ਜੀਲ ਬਿਨਾਂ ਕੈਸੇ ਬਜੇ ਰਬਾਬ" (ਮਹਲਾ ੫, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੪੦)
20. ਲੇਖਕ ਨੇ ਖੁਦ ਦਰਸ਼ਨ ਕੀਤੇ ਹਨ।
21. ਹਵਾਲਾ, *ਗੁਰੂ ਅਮਰਦਾਸ ਰਾਗ ਰਤਨਾਵਲੀ,* ਲੇਖਕ ਪ੍ਰੋ. ਤਾਰਾ ਸਿੰਘ, ਪੰਨਾ 3
22. ਸਾਹਿੰਦਾ ਬੇਗਮ, *ਇੰਡੀਅਨ ਮਿਊਜ਼ਕ,* ਪੰਨਾ 77
23. *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 171
24. ਬਾਬਾ ਸ਼ਾਮ ਸਿੰਘ ਦਾ ਸਰੰਦਾ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੁਰੱਖਿਅਤ ਪਿਆ ਹੈ।
25. *ਅੰਮ੍ਰਿਤ ਕੀਰਤਨ* (ਨਵੰਬਰ, ਦਸੰਬਰ 1993) ਪੰਨਾ 29
26. *ਭਾਰਤੀਯ ਸੰਗੀਤ ਵਾਦਯ,* ਪੰਨਾ 181
27. ਉਂਗਲਾਂ ਨਾਲ ਡਾ. ਡੋਹਕੇ ਸੁ ਉਤਪੰਨ ਕਰਨ ਵਾਲਾ ਸਥਾਨ
28. ਪਰਾਂਜਾਪੇ ਸ਼ਰਚੰਦਰ ਸ੍ਰੀਧਰ, *ਸੰਗੀਤ ਬੋਧ,* ਪੰਨਾ 148
29. ਪਰਾਂਜਾਪੇ ਸ਼ਰਚੰਦਰ ਸ੍ਰੀਧਰ, *ਸੰਗੀਤ ਬੋਧ,* ਪੰਨਾ 148
30. ਲਾਲ ਮਣੀ ਮਿਸ਼ਰ (ਡਾ.) *ਭਾਰਤੀ ਸੰਗੀਤ ਵਾਦਯ,* ਪੰਨਾ 148
31. ਹਵਾਲਾ-ਉਹੀ-
32. ਬਾਜੇ ਬਜਹਿ ਮ੍ਰਿਦੰਗ ਅਨਾਹਦ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ ੧੨੭੨)
33. *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 538 ਅਤੇ 1235

# ਕਲਜੁਗ ਮਹਿ ਕੀਰਤਨ ਪਰਧਾਨਾ

ਕਰਤਾਰ ਸਿੰਘ ਨੀਲਧਾਰੀ

162ਏ, ਗਰੇਨ ਮਾਰਕੀਟ, ਚੰਡੀਗੜ੍ਹ

*ਤਹਾ ਬੈਕੁੰਠ ਜਹ ਕੀਰਤਨ ਤੂ ਆਪੇ ਸਰਧਾ ਲਾਇਹਿ॥* (ਪੰਨਾ 749)

ਕੀਰਤਨ ਦੀ ਗੁਰਬਾਣੀ ਪਰੀਭਾਸ਼ਾ ਨੂੰ ਗਹੁ ਨਾਲ ਵਿਚਾਰੀਏ ਤਾਂ ਪਰਮਾਤਮਾ ਦੀ ਸਿਫਤ ਸਾਲਾਹ ਕਰਨਾ ਜਾਂ ਕੀਰਤਨ ਕਰਨਾ ਵੀ ਇਸ ਦੀ ਵਿਆਖਿਆ ਵਿੱਚ ਸਮਾਈ ਪਾ ਜਾਂਦਾ ਹੈ।

*ਹਰਿ ਕੀਰਤਿ ਸਾਧ ਸੰਗਤ ਹੈ ਸਿਰ ਕਰਮਨ ਕੇ ਕਰਮਾ।*
*ਕਹੁ ਨਾਨਕ ਤਿਸ ਭਇਓ ਪਰਾਪਤ ਜਿਸ ਪੁਰਬ ਲਿਖੇ ਕਾ ਲਹਨਾ॥* (ਪੰਨਾ 642)

ਇਸੇ ਤਰਾਂ ਹਰੀ ਦੀ ਉਸਤਤਿ, ਕਿਰਤ ਜਾਂ ਕੀਰਤਨ ਇੱਕ ਹੋ ਜਾਂਦੇ ਹਨ

*ਹਰਿ ਕੀਰਤਿ ਉਤਮੁ ਨਾਮ ਹੈ ਵਿਚਿ ਕਲਯੁਗ ਕਰਣੀ ਸਾਰੁ॥*
*ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਹਾਰਿ॥* (ਪੰਨਾ 134)

ਹਰੀ ਦੀ ਕਥਾ ਕਰਨੀ, ਗਾਵਨੀ ਜਾਂ ਉਸਤਤਿ ਨਾਲ ਜੁੜ ਕੇ ਨਿਥਾਵੇਂ ਨੂੰ ਜਿਹੜਾ ਥਾਂ ਮਿਲਦਾ ਹੈ ਉਹ ਜ਼ਰੂਰੀ ਨਹੀਂ ਸੰਗੀਤ ਕੀਰਤਨ ਦੀ ਸ਼ਰਤ ਨਾਲ ਹੀ ਜੁੜਿਆ ਹੋਵੇ-

*ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ।*
*ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ॥* (ਪੰਨਾ 236)

ਇਸ ਭਗਤੀ ਕੀਰਤਨ ਦਾ ਸ਼ੌਕ ਪੈਦਾ ਹੋਵੇ ਅਤੇ ਇਸ ਦਾ ਰੰਗ ਚੜ੍ਹੇ ਤਾਂ ਹੀ ਸਹਿਜ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ।

*ਜਿਸੁ ਅੰਦਰਿ ਰੰਗ ਸੋਈ ਗੁਣ ਗਾਵੈ।*
*ਗੁਰ ਕਿ ਸਬਦਿ ਸਹਜੇ ਸੁਖਿ ਸਮਾਵੈ॥* (ਪੰਨਾ 114)

ਇਥੇ ਸ਼ਬਦ ਤੋਂ ਨਾਮ ਅਰਥ ਦਾ ਬੋਧ ਹੁੰਦਾ ਹੈ ਅਤੇ ਪ੍ਰੇਮ ਭਗਤੀ ਰੰਗ ਵਿੱਚ ਕੀਤਾ ਸਿਮਰਨ ਆਪਣੇ ਆਪ ਲੈਅ ਬੱਧ ਹੈ ਅਤੇ ਮਨ ਨੂੰ ਇਸਦੇ ਰਾਗ (ਮੋਹ) ਨਾਲ ਜੋੜ ਕੇ ਸਹਿਜ ਵੱਲ ਲੈ ਜਾਂਦਾ ਹੈ। ਸਹਿਜ ਦਾ ਸ਼ਬਦ-ਅਰਥ ਮਾਨਸਿਕ ਸੰਤੁਲਨ ਅਤੇ ਸ਼ਾਂਤੀ ਹੀ ਜਦੋਂ ਰੋਗ-ਸੋਗ, ਹਰਖ-ਦਵੈਖ, ਮਾਨ-ਅਪਮਾਨ, ਯਸ਼-ਅਪਯਸ਼ ਅਤੇ ਵਿਪਰੀਤ ਭਾਵ ਸਮ ਲਗਦੇ ਹਨ ਜਾਂ ਇਹ ਠੰਡਾ-ਗਰਮ ਦੀ ਭਾਵਨਾ ਵਿਸਰ ਜਾਂਦੀ ਹੈ। ਇਸ ਨੂੰ ਸਮਦ੍ਰਿਸ਼ਟੀ ਵੀ ਕਹਿੰਦੇ ਹਨ। ਪ੍ਰਭੂ ਦਾ ਸਿਮਰਨ ਵੀ ਉਸਦੀ ਕਿਰਤ ਦਾ ਸਭ ਤੋਂ ਵੱਡਾ ਉਪਰਾਲਾ ਜਾਂ ਸੁਕਰਮ ਹੈ। ਜਿਸ ਦੇ ਨਾਲ ਸੰਸਾਰ ਵਿੱਚ ਵੀ ਸ਼ੋਭਾ ਮਿਲਦੀ ਹੈ ਅਤੇ ਮੁਕਤੀ ਦਾ ਰਾਹ ਖੁੱਲ੍ਹਦਾ ਹੈ।

*ਜਗਿ ਸੁਕ੍ਰਿਤ ਕੀਰਤਿ ਨਾਮ ਹੈ ਮੇਰੀ ਜਿੰਦੜੀਏ*
*ਹਰਿ ਕੀਰਤਿ ਹਰਿ ਮਨਿ ਧਾਰੇ ਰਾਮ॥* (ਪੰਨਾ 531)
*ਹਰਿ ਦਿਨ ਰੈਣ ਕੀਰਤਨ ਗਾਈਐ॥ ਬਹੁੜੀ ਨ ਜੋਨੀ ਪਾਈਐ॥* (ਪੰਨਾ 624)

ਇਸ ਭੌਤਿਕ ਵਦੀ ਸੰਸਾਰ ਵਿੱਚ ਕਰਮ ਕਾਂਡਾਂ ਦੇ ਜੰਜਾਲ ਵਿੱਚ ਫਸਿਆ ਮਨੁਖ ਇੱਕ ਈਸ਼ਵਰ ਨੂੰ ਛੱਡ ਕੇ ਕੇਵਲ ਸਕਾਮ ਸਾਧਨਾ ਵਿੱਚ ਖਚਤ ਹੋ ਕੇ ਸੰਸਾਰੀ ਸੁਖਾਂ ਤੇ ਮਾਇਆ ਦੀ ਮੰਗ ਕਰਦਾ ਹੈ-

*ਤੀਰਥ ਜਾਉ ਤ ਹਉ ਹਉ ਕਰਤੇ॥*
*ਪੰਡਿਤ ਪੂਛਉ ਤ ਮਾਇਆ ਰਾਤੇ॥*
*ਸੋ ਅਸਥਾਨੁ ਬਤਾਵਹੁ ਮੀਤਾ॥*
*ਜਾਕੈ ਹਰਿ ਹਰਿ ਕੀਰਤਨੁ ਨੀਤਾ॥*
*ਸਾਸਤ੍ਰ ਬੇਦ ਪਾਪ ਪੁੰਨ ਵੀਚਾਰ॥*

*ਨਰਕਿ ਸੁਰਗਿ ਫਿਰਿ ਫਿਰਿ ਅਉਤਾਰ॥*
*ਸਾਧ ਸੰਗਿ ਹਰਿ ਕੀਰਤਨ ਗਾਈਐ॥*
*ਇਹੁ ਅਸਥਾਨੁ ਗੁਰੂ ਤੇ ਪਾਈਐ॥* (ਪੰਨਾ 385)

ਪੰਜਵੇਂ ਪਾਤਸ਼ਾਹ ਦੇ ਦੱਸੇ ਚਾਰ ਸੌ ਸਾਲ ਪੁਰਾਣੇ ਹਾਲਾਤ ਅੱਜ ਵੀ ਇੰਨ ਬਿੰਨ ਉਸੇ ਤਰ੍ਹਾਂ ਦੇ ਹਨ। ਗੁਰ ਸਿੱਖੀ ਨੂੰ ਜਿਹੜੇ ਚਿੱਕੜ ਵਿੱਚੋਂ ਕੱਢਿਆ ਗਿਆ ਸੀ ਉਸੇ ਵੱਲ ਆਮ ਰੁਚੀ ਵੱਧਦੀ ਜਾ ਰਹੀ ਹੈ। ਅੱਜ ਕੱਲ ਸਿੱਖ ਦੂਰ-ਦੂਰ ਦੇ ਗੁਰਧਾਮਾਂ (ਤੀਰਥਾਂ) ਦੀ ਯਾਤਰਾਵਾਂ ਦੇ ਉਪਰਾਲੇ ਅਤੇ ਗਿਣਤੀ ਦੇ ਅਹੰਕਾਰ ਨਾਲ ਹੀ ਜੁੜਦੇ ਜਾ ਰਹੇ ਹਨ, "ਅਖੇ ਮੈਂ ਫਲਾਣੇ ਸਥਾਨ ਤੇ ਹਰ ਸਾਲ ਜਾਂਦਾ ਹਾਂ" ਕੀ ਇਹ ਗੁਰਮਤਿ ਹੈ ਕਿ ਜਿਹੜੇ ਸਥਾਨ ਗੁਰੂ ਜੀ ਦੀ ਜੀਵਨੀ ਨਾਲ ਪ੍ਰਤੱਖ ਨਹੀਂ ਜੁੜੇ ਅਤੇ ਜਿਨ੍ਹਾਂ ਦਾ ਜ਼ਿਕਰ ਮਿਥਿਆਸਕ ਸਮੇਂ ਦੇ ਵਰਤਾਰੇ ਨਾਲ ਜੁੜਿਆ ਹੈ ਅਜਿਹੀ ਥਾਵਾਂ ਦੀ ਯਾਤਰਾਂ ਨੂੰ ਗੌਰਵਸ਼ਾਲੀ ਕਹਿ ਕੇ ਪ੍ਰਚਾਰਿਆ ਜਾਵੇ। ਇਹ ਤਾਂ ਉਹੋ ਪੰਡਾਵਾਦ ਹੈ ਜਿਸਤੋਂ ਗੁਰਬਾਣੀ ਕਦਮ-ਕਦਮ ਤੇ ਸੁਚੇਤ ਕਰ ਰਹੀ ਹੈ। ਸਾਧ ਸੰਗਤ ਵਿੱਚ ਕੀਰਤਨ ਗਾਉਣ ਲਈ ਦੂਰ ਨੇੜੇ ਦੇ ਖਾਸ ਗੁਰੂ ਧਾਮਾਂ ਦੀ ਲੋੜ ਨਹੀਂ ਸਗੋਂ ਆਪਣੀ ਆਬਾਦੀ ਦੇ ਨੇੜੇ ਕੀਤਾ ਉਪਰਾਲਾ ਉੱਨਾ ਹੀ ਸਕਾਰਥ ਹੈ ਜਿੰਨਾ ਕੋਈ ਵੱਡਾ ਤੀਰਥ ਧਾਮ। ਜਿਤਨੇ ਵੀ ਤੀਰਥ ਜਾਂ ਗੁਰੂ ਧਾਮ ਹਨ ਉਹ ਗੁਰੂ ਚਰਣ ਛੁਹ ਨਾਲ ਜੁੜੇ ਸਥਾਨ ਹਨ। ਜਦੋਂ ਕਿਸੇ ਸਥਾਨ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਜਾਵੇ ਅਤੇ ਸਤਿਸੰਗ ਕੀਰਤਨ ਦਾ ਨਿਯਮ ਬਣਾ ਦਿੱਤਾ ਜਾਵੇ ਤਾਂ ਉਹ ਗੁਰਦੁਆਰਾ ਹੈ। ਇੱਕ ਗੁਰਦੁਆਰੇ ਦਾ ਦੂਜੇ ਗੁਰਦੁਆਰੇ ਨਾਲ ਤਾਂ ਹੀ ਵਾਧਾ ਵੱਟਾ ਹੋ ਸਕਦਾ ਹੈ ਜੇਕਰ ਗੁਰੂ ਜੋਤਿ ਦੇ ਵੱਖ-ਵੱਖ ਜਾਮਿਆਂ ਵਿੱਚ ਫਰਕ ਪੈਦਾ ਕਰ ਲਈਏ ਜੋ ਕਿ ਅਸੰਭਵ ਹੈ ਅਤੇ ਮਨਮਤ ਹੋਵੇਗੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਂਦ ਤੋਂ ਪਹਿਲਾਂ ਸਤਿਸੰਗ ਸਥਾਨ ਨੂੰ ਧਰਮਸ਼ਾਲ ਕਿਹਾ ਜਾਂਦਾ ਸੀ। ਅੱਜ ਵੀ ਨਾਮਧਾਰੀ ਸੰਪਰਦਾ ਅਜਿਹੇ ਸਤਿਸੰਗ ਸਥਾਨ ਨੂੰ ਧਰਮਸ਼ਾਲਾ ਕਹਿ-ਲਿਖ ਕਿ ਪ੍ਰਚਾਰਦੇ ਹਨ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਸਤਾਸਵੀਂ ਪਉੜੀ ਵੀ ਇਹੋ ਗਿਆਨ ਕਰਾਉਂਦੀ ਹੈ:

***ਜਿਥੇ ਬਾਬਾ ਪੈਰ ਧਰੇ ਪੂਜਾ ਆਸਣੁ ਥਾਪਣਿ ਸੋਆ॥***
***ਸਿਧਾਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਸੇ ਕੋਆ॥***
***ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥***

ਗੁਰੂ ਬਾਬੇ ਦੇ ਚਰਣਾਂ ਦੀ ਛੂਹ ਨਾਲ ਪਵਿਤਰ ਸਥਾਨਾਂ ਉੱਤੇ ਪੂਜਾ ਆਸਣਾਂ, ਸਥਾਪਨਾ ਅਤੇ ਕੀਰਤਨ ਗਾਇਨ ਰਾਹੀਂ ਵੈਸਾਖੀ ਵਰਗੇ ਮੇਲਿਆਂ ਦੀ ਛਹਿਬਰ ਸਿੱਖੀ ਪ੍ਰਚਾਰ ਦੀ ਬੁਲੰਦੀ ਦਾ ਪਰਚਮ ਦਸ ਰਿਹਾ ਹੈ। ਗੁਰੂ ਬਾਬੇ ਨੇ ਚੱਕਰਵਰਤੀ ਦਿਗ ਵਿਜੈ ਉਪਰੰਤ ਚੌਤੀਵੀਂ ਪਉੜੀ ਵਿੱਚ ਮੱਕੇ ਦੀ ਬਿਜੈ ਤੋਂ ਬਾਅਦ-

***ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ॥***

ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਤੀਜੇ ਧਰਮ ਦੀ ਪਹਿਚਾਨ ਨਰੋਈ ਨਵੇਕਲੀ ਸਮਝੀ ਤੇ ਜਾਣੀ ਜਾ ਰਹੀ ਸੀ। ਨਿਸ਼ਚਿਤ ਹੀ ਗੁਰਬਾਣੀ ਕੀਰਤਨ ਨਾਲ ਹੀ ਇਹ ਅਨਹੋਣੀ ਸਿੱਖ ਧਰਮ ਦੀ ਹੋਣੀ ਬਣੀ ਸੀ ਕਿਉਂਕਿ ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ (ਪਉੜੀ ਪੈਂਤੀਵੀ) ਸਾਰੇ ਸਫਰ ਵਿੱਚ ਗੁਰਬਾਣੀ ਅਵਤਰਣ ਕੀਰਤਨ ਤੋਂ ਬਗੈਰ ਨਾਮ ਸਿਮਰਨ ਕੀਰਤਨ ਹੀ ਸਥਾਈ ਰਹਿੰਦਾ ਸੀ।

ਜਦੋਂ ਕੀਰਤਨ ਦੇ ਰੂਪ ਕੀਰਤਿ ਜਾਂ ਸਿਮਰਨ ਵਿੱਚ ਵੱਟ ਜਾਂਦੇ ਹਨ ਸਭ ਤੋਂ ਪਹਿਲਾਂ ਓਮ ਸ਼ਬਦ ਦਾ ਧਿਆਨ ਆਉਂਦਾ ਹੈ ਕਿਉਂਕਿ ਗੁਰਬਾਣੀ ਦਾ ਆਰੰਭ ਜਿਸ ਅੰਕ, ਚਰਣ ਜਾਂ ਮੂਲ ਮੰਤਰ ਨਾਲ ਹੁੰਦਾ ਹੈ ਉਸਦਾ ਪ੍ਰਾਰੰਭ ਇੱਕ ਔਮ ਕਾਰ (ੴ) ਹੀ ਹੈ। ਇੱਥੇ ਸਿੱਖ ਧਰਮ ਦੇ ਫਲਸਫੇ ਦਾ ਹਿੰਦੁਸਤਾਨੀ ਪਿਛੋਕੜ ਵੀ ਸਵੈ ਸਿੱਧ ਹੋ ਜਾਂਦਾ ਹੈ। ਓਮ ਜਾਂ ੴ ਦਾ ਪ੍ਰਯੋਗ ਸ਼ਾਸ਼ਤਰਾਂ ਵਿੱਚ ਰੱਜ ਕੇ ਹੋਇਆ ਹੈ ਅਤੇ ਇੱਕ ੴ ਦੀ ਮੂਰਤ ਰੂਪਤਾ ਵਿੱਚ ਨਿਰਗੁਣ-ਸਰਗੁਣ ਦੀ ਸਾਂਝੀ ਸੋਝੀ ਦਸ ਕੇ ਉਹ ਵਿਵਾਦ ਹੀ ਖਤਮ ਕਰ ਦਿੱਤਾ ਗਿਆ ਜਿਸਦੇ ਕਾਰਨ ਹਿੰਦੂ ਧਰਮ ਦੇ ਫਲਸਫੇ ਹੋਂਦ ਵਿੱਚ ਆਪਾ ਵਿਰੋਧੀ ਬਣੇ। ਇਸ ਓਮ ਦੀ ਧੁਨੀ ਨਾਲ ਸ੍ਰਿਸ਼ਟੀ ਰਚਨਾ ਜਾਂ ਓਮਕਾਰ ਜਾਂ ਸਰਗੁਨ ਵਿਸਤਾਰ ਹੁੰਦਾ ਹੈ। ਮਨੁੱਖ ਤੇ ਸਾਹਾਂ ਦੀ ਧੁਨੀ ਨੂੰ ਹੰ ਤੇ ਸ ਦੀ ਲੈ ਵਿੱਚ ਹੰਸਾ ਆਦਮੀ ਕਿਹਾ ਗਿਆ ਹੈ। ਜਦੋਂ ਕੋਈ ਮਨੁੱਖ ਜੋਗ ਅਭਿਆਸ ਨਾਲ ਕੁੰਡਲਨੀ ਕਰਕੇ ਗੇੜ੍ਹ ਦੀ ਹੱਡੀ ਵਿੱਚ ਸਾਹਾਂ ਦਾ ਤਰਨੁੰਮ ਕਾਇਮ ਕਰਕੇ ਤ੍ਰਿਕੁਟੀ

ਮਾਰਗ ਤੋਂ ਅੱਗੇ ਵੱਧਦਾ ਹੈ ਇਹ ਸਵਾਸ ਧੁਨੀ ਸੋ ਤੇ ਹੰ ਦੀ ਲੈ ਵਿੱਚ ਸੋਹੰ ਹੋ ਜਾਂਦੀ ਹੈ। ਅਜਿਹੀ ਅਸ਼ਰੀਰੀ ਅਵਸਥਾ ਵਿੱਚ ਬਾਹਰੀ ਸ੍ਰਿਸ਼ਟੀ ਖੈ ਹੋ ਜਾਂਦੀ ਅਤੇ ਅਗਲੇ ਮੰਡਲਾਂ ਦੀ ਪ੍ਰਕਾਸ਼ਮਾਨਤਾ ਦ੍ਰਿਸ਼ਮਾਨ ਹੁੰਦੀ ਹੈ। ਗੁਰਬਾਣੀ ਸਹਿਜ ਯੋਗ ਗੁਰਮਤਿ ਦਾ ਰਾਹ ਦੱਸਦੀ ਹੈ।

***ਸਰਬ ਬੈਕੁੰਠ ਮੁਕਤਿ ਮੋਖ ਪਾਏ॥***

***ਏਕ ਨਿਮਖ ਹਰਿ ਕੇ ਗੁਨ ਗਾਏ॥*** (ਪੰਨਾ 290)

ਅਜਿਹੀ ਪ੍ਰਾਪਤੀ ਇੱਕ ਵਿਸ਼ੇਸ਼ ਮੰਜਲ 'ਤੇ ਹੀ ਮਿਲਦੀ ਹੈ ਜਿੱਥੇ ਇੱਕ ਨਿਮਖ (ਅੱਖ ਪਲਕਾਰੇ) ਵਿੱਚ ਬੈਕੁੰਠ ਤੇ ਮੁਕਤੀ ਸਾਧਕ ਦੀ ਮੁੱਠੀ ਵਿੱਚ ਹੁੰਦੀਆਂ ਹਨ।

ਇੱਕ ਓਮਕਾਰ ਦੀ ਏਕਾਗਰਤਾ ਤੇ ਏਕਾਕੀ ਅਹਿਸਾਸ ਨਾਲ ਜੁੜੀ ਸਾਧਨਾ ਵਿੱਚ ਹੇਠਲੇ ਸ਼ਬਦ ਵਿੱਚ ਸੰਗੀਤ ਬੱਧ ਕੀਰਤਨ ਦੀ ਉਪਮਾ ਤਾਂ ਸਰਬ ਵਿੱਦਤ ਹੈ ਪਰ ਬਿਦੇਹ ਅਵਸਥਾ ਵਿੱਚ ਜਦੋਂ ਇਹ ਕੰਨ ਸੁਣਨਾ ਬੰਦ ਕਰ ਦਿੰਦੇ ਹਨ ਤਾਂ ਅਨਹਦ ਨਾਦ ਰੂਪੀ ਕੀਰਤਨ ਨਾਲ ਸਾਂਝ ਪੈਂਦੀ ਹੈ। ਇੱਕ ਗੱਲ ਸਦੀਵੀ ਚੇਤੇ ਰੱਖਣ ਵਾਲੀ ਹੈ ਕਿ ਇਹ ਗੁਰਬਾਣੀ ਹਮੇਸ਼ਾਂ ਹੀ ਸਿਖਰੀ ਬ੍ਰਹਮ ਲੋਕ ਵਿੱਚੋਂ ਜਾਂ ਦਸਵੇਂ ਦਵਾਰ 'ਤੋਂ ਹੀ ਉਤਰੀ ਹੈ ਤਾਂ ਹੀ ਬਾਰ-ਬਾਰ ਦੱਸਿਆ ਗਿਆ ਹੈ।

1. ***ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥*** *(ਪੰਨਾ 722)*
2. ***ਲੋਗ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰੁ॥*** *(ਪੰਨਾ335)*
3. ***ਜਨ ਨਾਨਕ ਬੋਲੈ ਬ੍ਰਹਮ ਬੀਚਾਰੁ॥ ਜੋ ਸੁਣੇ ਕਮਾਵੈ ਸੁ ਉਤਰੈ ਪਾਰਿ॥***
   ***ਜਨਮਿ ਨ ਮਰੈ ਨ ਆਵੈ ਨ ਜਾਇ॥ ਹਰਿ ਸੇਤੀ ਓਹ ਰਹੈ ਸਮਾਇ॥*** *(ਪੰਨਾ 370)*
4. ***ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ॥*** *(ਪੰਨਾ 845)*
5. ***ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥***
   ***ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥*** (ਪੰਨਾ 820)
6. ਇਸ ਬਾਣੀ ਦਾ ਅਣਿਆਲਾ ਤੀਰ ਜਿਸਦੇ ਭਾਗਾਂ ਵਿੱਚ ਲਿਖਿਆ ਹੋਏ ਉਸਨੂੰ ਸਹਜ ਵੈਰਾਗ ਦੀ ਪ੍ਰਾਪਤੀ ਹੋ ਜਾਂਦੀ ਹੈ।

***ਨਾਨਕ ਮਸਤਕਿ ਜਿਸ ਵਡਭਾਗੁ॥***

***ਗੁਰ ਕੀ ਬਾਣੀ ਸਹਿਜ ਬੈਰਾਗੁ॥*** (ਪੰਨਾ 560)

***ਸਤਿਗੁਰ ਕੀ ਬਾਣੀ ਸਤਿ ਸਤਿ ਕਰ ਮਾਨਉ***

***ਇਉ ਆਤਮ ਰਾਮੈ ਲੀਨਾ ਹੇ॥*** (ਪੰਨਾ 1025)

***ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ***

***ਹਰਿ ਕਰਤਾ ਆਪਿ ਮੁਹਹੁ ਕਢਾਏ॥*** (ਪੰਨਾ 308)

ਇਸ ਅਨਹਦ ਬਾਣੀ ਨੂੰ ਅਜਿਹੀ ਪੂੰਜੀ ਕਿਹਾ ਗਿਆ ਜਿਸ ਖਜਾਨੇ ਦੀ ਚਾਬੀ ਸੰਤ ਪੁਰਸ਼ਾਂ ਨੂੰ ਹੀ ਮਿਲਦੀ ਹੈ।

***ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥*** (ਪੰਨਾ 813)

ਕੀਰਤਨ ਤੋਂ ਆਰੰਭ ਕਰਕੇ ਉਮਕਾਰ ਅਤੇ ਅਨਹਦ ਦੀ ਇਸ ਗੁਰਮਤਿ ਵਾਰਤਾ ਵਿੱਚ ਉਮਕਾਰ ਦੀ ਸੁਰੀਲੀ ਧੁਨੀ ਤੇ ਸੰਗੀਤ ਵਿੱਚੋਂ ਸ੍ਰਿਸ਼ਟੀ ਦਾ ਸੰਕਲਪ ਪੂਰਾ ਹੋਇਆ ਹੈ। ਇਸ ਤੱਥ ਨੂੰ ਕੀਰਤਨੀਏ (ਕੀਰਤਨ ਜਾਂ ਸਿਮਰਨ ਕਰਨ ਵਾਲੇ) ਨੇ ਚੇਤਾ ਰੱਖਣਾ ਹੈ ਤੇ ਉਸਤਤ ਉਪਮਾ ਵਿੱਚ ਪ੍ਰਵਿਰਤ ਹੋਣਾ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੇ ਪੰਜ ਬਲੀਆਂ ਨੂੰ ਜਿੱਤ ਕੇ ਜਾਂ ਸ਼ਾਂਤ ਕਰਕੇ ਸੱਤ ਸੁਰਾਂ ਦੀ ਬ੍ਰਹਮ ਰਚਨਾ ਅਨਾਹਤ ਨਾਦ ਨਾਲ ਬਾਵਾਸਤਾ ਹੋਇਆ ਜਾਂਦਾ ਹੈ।

ਰਾਮਕਲੀ ਰਾਗ ਦਾ ਹੇਠਲਾ ਸ਼ਬਦ ਸਾਰੀ ਸ੍ਰਿਸ਼ਟੀ ਦੀ ਸੰਗੀਤ ਸੁਰਾਂ ਦਾ ਬੜਾ ਦਿਲਕਸ਼ ਰੰਗ ਪੇਸ਼ ਕਰਦਾ ਹੈ-

***ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ॥***

***ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥***

*ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥*
*ਭਲੋ ਭਲੋ ਰੇ ਕੀਰਤਨੀਆ॥*
*ਰਾਮ ਰਮਾ ਰਾਮਾ ਗੁਨ ਗਾਉ॥*
*ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ।*
*ਪੰਚ ਬਚਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥*
*ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ॥*
*ਫੇਰੀ ਫੇਰੁ ਨ ਹੋਏ ਕਬਹੀ ਏਕੁ ਸਬਦੁ ਬੰਧਿ ਪਾਲੈ॥੨॥*
*ਨਾਰਦੀ ਨਰਹਰ ਜਾਣਿ ਹਦੂਰੇ॥*
*ਘੂੰਘਰ ਖੜਕੁ ਤਿਆਗਿ ਵਿਸੂਰੇ॥*
*ਸਹਜ ਅਨੰਦ ਦਿਖਾਵੈ ਭਾਏ॥*
*ਏਹੁ ਨਿਰਤ ਕਾਰੀ ਜਨਮ ਨ ਆਵੈ॥*
*ਜੋ ਕੋ ਆਪਨੇ ਠਾਕੁਰ ਭਾਵੈ॥*
*ਕੋਟਿ ਮਧਿ ਏਹੁ ਕੀਰਤਨ ਗਾਵੈ॥*
*ਸਾਧ ਸੰਗਤਿ ਕੀ ਜਾਵਉ ਟੇਕ॥*
*ਕਹੁ ਨਾਨਕ ਤਿਸੁ ਕੀਰਤਨੁ ਏਕ॥*

ਏਕ ਕੀਰਤਨ ਦੀ ਇਸ ਪਰੀਭਾਸ਼ਾ ਦੀ ਵਿਆਖਿਆ ਨਾਲ ਲਿਖਤ ਵਿਸਤਾਰ ਬਹੁਤ ਹੋ ਜਾਣਾ ਹੈ ਇਸ ਲਈ ਵਿਵੇਕੀ ਪਾਠਕਾਂ ਦੇ ਨਿਤ ਗਿਆਨ ਅਨੁਭਵ ਪ੍ਰਥਾਏ ਸੰਕੋਚ ਹੀ ਵਰਤਿਆ ਜਾ ਰਿਹਾ ਹੈ। ਏਕ ਕੀਰਤਨ ਨਾਮ ਸਿਮਰਨ ਦੀ ਉਹ ਰੰਗਤ ਹੈ ਜਿਸਦੇ ਬਾਰੇ ਅਨਹਤਨਾਦ ਦੀ ਪ੍ਰਾਪਤੀ ਢੁਕਦੀ ਹੈ। ਇਸ ਵਿਸ਼ੇ ਬਾਰੇ ਸੂਖਮ ਬੇਨਤੀ ਪਿਛਲੇ ਪੈਰਿਆਂ ਵਿੱਚ ਕੀਤੀ ਜਾ ਚੁੱਕੀ ਹੈ।

*ਤੂ ਸਚਾ ਸਾਹਿਬੁ ਸਿਫਤਿ ਸੁਆਲਿਉ, ਜਿਨਿ ਕੀਤੀ ਸੋ ਪਾਰਿ ਪਇਆ॥* (ਪੰਨਾ 461)

ਸੰਗੀਤ ਵਿਧਾ ਨਾਲ ਕੀਰਤਨ ਦਾ ਆਰੰਭ ਨਾਰਦ ਮੁਨੀ ਤੋਂ ਮੰਨਿਆ ਜਾ ਸਕਦਾ ਹੈ। ਵਿਦਿਆ ਗਿਆਨ ਦੀ ਦੇਵੀ ਸਰਸਵਤੀ ਹਮੇਸ਼ਾ ਵੀਣਾ ਆਪਣੇ ਕੋਲ ਰੱਖਦੀ ਅਤੇ ਸ੍ਰਿਸ਼ਟੀ ਰਚਨਾ ਵਿੱਚ ਬ੍ਰਹਮਾ ਨਾਲ ਸਹਾਈ ਹੋ ਕੇ ਜਿਸ ਸੰਗੀਤ ਸੁਰਾਂ ਨੂੰ ਛੇੜਦੀ ਹੈ ਉਸ ਦੇ ਸੰਗੀਤ ਦਾ ਪ੍ਰਭਾਵ ਇੱਕ ਗਰਭਵਤੀ ਦੇ ਚੇਹਰੇ ਅਤੇ ਚਿੰਤਨ ਤੋਂ ਪਛਾਣਿਆ ਜਾ ਸਕਦਾ। ਪੁਰਸ਼ ਤੇ ਨਾਰੀ ਸ੍ਰਿਸ਼ਟੀ ਰਚਨਾ ਵਿੱਚ ਪ੍ਰਵਿਰਤ ਹੋਕੇ ਬ੍ਰਹਮਾ ਤੇ ਸ਼ਾਰਦਾ ਹੀ ਰੂਪ ਹੁੰਦੇ ਹਨ। ਜਿਸ ਇਸਤਰੀ ਦੀ ਸੰਤਾਨ ਨਾ ਹੋਏ ਉਹ ਆਪਣੇ ਆਪ ਨੂੰ ਸਦਾ ਅਪੂਰਨ ਸਮਝਦੀ ਹੈ ਕਿਉਂਕਿ ਉਸ ਨੇ ਸ੍ਰਿਸ਼ਟੀ ਰਚਨਾ ਦੇ ਸੰਗੀਤ ਦਾ ਆਨੰਦ ਨਹੀਂ ਮਾਣਿਆ। ਸ੍ਰਿਸ਼ਟੀ ਵਿੱਚ ਸੂਰਜ,ਚੰਨ,ਤਾਰੇ, ਪਵਨ, ਪ੍ਰਿਥਵੀ ਤੇ ਪਾਤਾਲ ਸਾਰੇ ਹੀ ਇੱਕ ਸੁਰਬੱਧ ਸੰਗੀਤ ਅਧੀਨ ਵਿਚਰ ਰਹੇ ਹਨ। ਜਦੋਂ ਕਦੀ ਪ੍ਰਿਥਵੀ ਦੇ ਤਾਨਪੁਰੇ ਦੀ ਤਾਰ ਟੁਟੱਦੀ ਹੈ ਤਾਂ ਭੂਚਾਲ ਆ ਜਾਂਦਾ ਹੈ ਇਸੇ ਤਰਾਂ ਸੁਰ ਤਾਲ ਭੰਗ ਹੋਣ ਨਾਲ ਹੋਰ ਪ੍ਰਕਿਰਤਕ ਉਪਦ੍ਰਵ ਹੁੰਦੇ ਹਨ। ਦੇਵ ਲੋਕ ਵਿੱਚ ਸਦਾ ਕੀਰਤਨ ਜਾਂ ਸੰਗੀਤ ਗਾਇਨ ਹੁੰਦਾ ਰਹਿੰਦਾ ਹੈ।

ਭਾਰਤ ਦੇ ਮੰਦਿਰਾਂ ਵਿੱਚ ਆਪਣੇ ਇਸ਼ਟ ਪ੍ਰਭੂ ਨੂੰ ਖੁਸ਼ ਕਰਨ ਲਈ ਸੰਕੀਰਤਨ ਦਾ ਰਿਵਾਜ ਚੱਲਿਆ ਆ ਰਿਹਾ ਹੈ। ਚੈਤਨਿਆ ਪ੍ਰਭੂ ਨੇ ਇਸ ਪਰੰਪਰਾ ਨੂੰ ਕਾਫੀ ਪ੍ਰਫੁਲਿਤ ਕੀਤਾ। ਮੰਦਿਰਾਂ ਵਿੱਚ ਕੀਰਤਨ ਦੇ ਨਾਲ ਕਾਵਿ ਕਥਾ ਨਾਟਕਾਂ ਨੂੰ ਸਮੋਂਦੀ ਹੋਈ ਨਾਚ ਪਰੰਪਰਾ ਦਾ ਕਥੱਕ ਪੱਖ ਮਗਰੋਂ ਮੁਗਲ ਦਰਬਾਰਾਂ ਦੀ ਐਯਾਸ਼ੀ ਨਾਲ ਜੁੜ ਗਿਆ। ਕੀਰਤਨ ਦੀ ਪਰੰਪਰਾ ਸੂਫੀ ਸੰਤਾਂ ਵਿੱਚ ਨਾਤੀਆ ਕਲਾਮ ਬਣ ਕੇ ਪ੍ਰਫੁਲਿਤ ਹੋਈ ਜਿਸਦਾ ਬਹੁਤਾ ਸਿਹਰਾ ਹਜਰਤ ਨਿਜ਼ਾਮੁਦੀਨ ਔਲੀਆ ਦੇ ਪਰਮ ਸੇਵਕ ਅਮੀਰ ਖੁਸਰੋ ਨੂੰ ਦਿੱਤਾ ਜਾ ਸਕਦਾ ਹੈ। ਮਿਰਦੰਗ ਨੂੰ ਤਬਲਾ ਜਾਂ ਪਖਾਵਜ ਰੂਪ ਦੇਣਾ ਅਤੇ ਸਿਤਾਰ ਦੀ ਰਚਨਾ ਵੀ ਅਮੀਰ ਖੁਸਰੋ ਨਾਲ ਜੋੜੀ ਜਾਂਦੀ ਹੈ। ਹਿੰਦਵੀ ਜਾਂ ਉਰਦੂ ਸਾਹਿਤ ਰਚਣ ਵਾਲੇ ਉਹ ਪਹਿਲੇ ਵਿਦਵਾਨ ਸਨ। ਆਪਣੇ ਗੁਰੂ ਦੇ ਚਲਾਣੇ ਦੀ ਖਬਰ ਸੁਣ ਕੇ ਉਹ ਕੱਪੜੇ ਪਾੜ ਕੇ ਦਿੱਲੀ ਪੁੱਜੇ ਅਤੇ ਇਹ ਦੋਹਾ ਗਾਇਆ:

*ਗੋਰੀ ਸੋਈ ਸੇਜ ਪਰ ਮੁਖ ਪਰ ਡਾਰੇ ਕੇਸ॥*

*ਚਲ ਖੁਸਰੋ ਘਰ ਆਪਨੇ ਰੈਨ ਭਈ ਚਾਹੁੰਦੇਸ॥*

ਬਿਰਹਾ ਕੁੱਠਾ ਅਮੀਰ ਖੁਸਰੋ ਬਿਦੇਹੀ ਅਵਸਥਾ ਵਿੱਚ ਆਪਣੇ ਮੁਰਸ਼ਿਦ ਦੀ ਮਜਾਰ ਨੇੜੇ ਦਿਨ ਗੁਜਾਰ ਕੇ ਜੰਨਤਨਸ਼ੀਨ ਹੋਇਆ।

ਸਿੱਖ ਧਰਮ ਦਾ ਆਰੰਭ ਹੀ ਰਬਾਬ ਦੀਆਂ ਸੁਰਾਂ ਨਾਲ ਹੋਇਆ ਹੈ ਇਸ ਕਰਕੇ ਸੰਗੀਤ ਬੱਧ ਕੀਰਤਨ ਦੀ ਉਪਮਾਂ ਸਰਬੋਚ ਹੈ। ਗੁਰੂ ਬਾਬਾ, ਗੁਰਬਾਣੀ, ਰਬਾਬ ਤੇ ਰਬਾਬੀ ਜਿਸ ਤਰ੍ਹਾਂ ਇਕ ਸੁਰ ਤਾਲ ਵਿੱਚ ਜੁੜੇ ਉਸੇ ਵਿੱਚ ਚੋਹੁੰਆਂ ਦਾ ਭੇਦ ਮਿਟ ਗਿਆ। ਇਸ ਅਭੇਦਤਾ ਦੇ ਪ੍ਰਮਾਣ ਵਜੋਂ ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਛਾਪ ਨਾਲ ਤਿੰਨ ਸ਼ਲੋਕ ਉਚਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹ ਅਭੇਦ ਸਥਾਨ ਪ੍ਰਾਪਤ ਕੀਤਾ। ਸੰਸਾਰ ਵਿਚ ਅਧਿਆਤਮਕ ਗਿਆਨ ਗ੍ਰੰਥ ਨੂੰ ਵਿਚਾਰ ਜਾਂ ਇਤਿਹਾਸ ਲੜੀ ਵਿਚ ਰੱਖਣ ਦੀ ਬਜਾਇ ਰਾਗ ਬੱਧ ਜੁਗਤ ਸੰਪਾਦਿਤ ਕਰਨਾ ਗੁਰੂ ਨਾਨਕ ਘਰ ਦੇ ਕੀਰਤਨ ਪ੍ਰੇਮ ਦਾ ਵਿਲੱਖਣ ਪ੍ਰਮਾਣ ਸਿਰਜਿਆ ਗਿਆ ਹੈ। ਜਪੁਜੀ ਸਾਹਿਬ ਦੀ 27ਵੀਂ ਪਉੜੀ ਵਿੱਚ ਉਸ ਦਰ ਘਰ ਤੇ ਗਾਇਨ ਜਾਂ ਕੀਰਤਨ ਵਾਲਿਆਂ ਦਾ ਹੀ ਜ਼ਿਕਰ ਕੀਤਾ ਗਿਆ ਹੈ। ਇਸ ਲਈ ਗੁਰਬਾਣੀ ਵਿੱਚ ਕੀਰਤਨ ਸ਼ਬਦ ਦੇ ਅਰਥ ਵਿੱਚ ਸੰਗੀਤ ਬੱਧ ਗਾਇਨ ਜਾਂ ਸ਼ਬਦ ਗਾਇਨ ਨਾਲ ਹੀ ਜੁੜਦਾ ਹੈ। ਸੂਰਜ ਉਦੇ ਤੋਂ ਪਹਿਲਾਂ ਆਸਾ ਦੀ ਵਾਰ ਦੀ ਚੌਂਕੀ, ਫੇਰ ਰਾਮਕਲੀ ਜਾਂ ਆਨੰਦ ਸਾਹਿਬ ਦੀ ਚੌਂਕੀ ਮਗਰੋਂ ਬਿਲਾਬਲ ਦੀ ਚੌਂਕੀ ਤੇ ਇਸ ਤਰ੍ਹਾਂ ਦੇਰ ਰਾਤ ਤੱਕ ਕੀਰਤਨ ਦੀ ਪਰੰਪਰਾ ਨੂੰ ਹਰਿਮੰਦਰ ਸਾਹਿਬ ਦੇ ਕੀਰਤਨ ਪ੍ਰੋਗਰਾਮਾਂ ਵਿਚੋਂ ਦੇਖਿਆ ਜਾ ਸਕਦਾ ਹੈ। ਕੀਰਤਨ ਦਾ ਆਨੰਦ ਗੁਰਦੁਆਰੇ ਜਾਂ ਸਤਿ ਸੰਗਤ ਵਿੱਚ ਹੀ ਪ੍ਰਾਪਤ ਹੁੰਦਾ ਹੈ ਏਕਾਂਤ ਲਾਭ ਤਾਂ ਕੇਵਲ ਇੱਕ ਗਾਇਕ ਜਾਂ ਕੀਰਤਨੀਆਂ ਹੀ ਲੈ ਸਕਦਾ ਹੈ।

ਸਿੱਖ ਧਰਮ ਦੀ ਕਾਰ ਸੇਵਾ ਪਰੰਪਰਾ ਨੇ ਵਿਸ਼ਾਲ ਸੰਗਮਰਮਰੀ ਗੁਰਦੁਆਰੇ ਜ਼ਰੂਰ ਉਸਾਰੇ ਹਨ ਤੇ ਹੁਣ ਲੋੜ ਹੈ ਇਨ੍ਹਾਂ ਗੁਰੂ ਧਾਮਾਂ ਨੂੰ ਦਰਬਾਰ ਸਾਹਿਬ ਵਾਂਗ ਦਿਨ ਰਾਤ ਗੁਰਬਾਣੀ ਕੀਰਤਨ ਨਾਲ ਗੁੰਜਾਇਮਾਨ ਕਰਨਾ। ਅਜਿਹੇ ਵਿਸਤਾਰ ਵਿਕਾਸ ਭਾਵਨਾਂ ਵਿੱਚ ਗੁਰਬਾਣੀ ਸਿੱਖਿਆ ਤੇ ਗੁਰਮਤਿ ਸੰਗੀਤ ਦੇ ਉਪਰਾਲੇ ਸ਼ੁਰੂ ਕਰਨ ਵਿੱਚ ਦੇਰੀ ਪੰਥ ਲਈ ਘਾਤਕ ਹੋਵੇਗੀ। ਭਾਵੇਂ ਇਹ ਕਾਰਜ ਸੰਗੀਤ ਦੀ ਕਾਰ ਸੇਵਾ ਦੇ ਨਾਮ ਨਾਲ ਆਰੰਭਿਆ ਜਾਏ ਤਾਂ ਹੀ ਸੰਸਾਰ ਜਾਣੇਗਾ ਕਿ–

*ਕਲਜੁਗ ਮਹਿ ਕੀਰਤਨ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥* (ਪੰਨਾ 1075)


**Thought for the month**

Work, like you don't need the money.
Love, like you've never been hurt.
And dance, like no one is watching.
Your present circumstances don't
determine where you can go,
they merely determine where you start.
The purpose of goals is to
focus your attention on your future
Magic begins when you set them.
Your power to accomplish becomes
a reality when you have them.
Your mind reaches toward achievement
when it has clear objectives.
Goals give you a starting place and a
destination.
If you foucs the full power of all you are
on what you have a burning desire to
achieve...
you will attain success.
Act on your dreams and they are yours

*With best compliments from a wellwisher*

# ਵਰਤਮਾਨ ਸਮੇਂ 'ਚ ਵੱਧ ਰਿਹਾ ਤਬਲੇ ਦਾ ਮੱਹਤਵ


## ਕਮਲੇਸ਼ਇੰਦਰ ਸਿੰਘ 'ਸ਼ਰਮਾ'

ਦੇਵ ਸਮਾਜ ਕਾਲਜ, ਸੈਕਟਰ 45-ਬੀ, ਚੰਡੀਗੜ੍ਹ


ਸੰਗੀਤ ਰਤਨਾਕਾਰ ਦੇ ਰਚਨਾਕਾਰ ਪੰਡਤ ਸ਼ਾਰੰਗਦੇਵ ਦੇ ਅਨੁਸਾਰ

"ਗਿਤਮ ਵਾਦਧਮ ਚ ਨ੍ਰਿਤਧਮ ਤ੍ਰਧਮ ਸੰਗੀਤਮ ਮੁਚਬਤੇ"

ਇਸ ਪੰਕਤੀ ਦਾ ਅਰ੍ਥ ਹੈ ਕਿ ਗਾਯਨ, ਵਾਦਨ ਅਤੇ ਨ੍ਰਿਤ ਇਹਨਾਂ ਤਿੰਨੋਂ ਹੀ ਕਲਾਵਾਂ ਨੂੰ ਮਿਲਾ ਕੇ ਸੰਗੀਤ ਦੀ ਉਤਪਤੀ ਹੁੰਦੀ ਹੈ। ਪਰ ਇਹ ਤਿਨੋਂ ਹੀ ਕਲਾਵਾਂ ਤਾਲ ਦੀ ਸੰਗਤ ਤੋਂ ਬਿਨਾ ਬਿਲਕੁਲ ਹੀ ਅਧੂਰੀਆਂ ਹਨ। ਤਾਲ ਨੂੰ ਪ੍ਰਦਰਸ਼ਿਤ ਕਰਨ ਲਈ ਅਵਿੰਨਧ ਵਾਦਯਾਂ ਦੀ ਸ਼੍ਰੇਣੀ ਦੇ ਅੰਤਰਗਤ ਆਉਣ ਵਾਲੇ ਸਾਜ਼ ਜਿਵੇਂ ਕਿ ਢੋਲਕ, ਤਬਲਾ, ਪਖਾਵਜ ਜਾਂ ਮਿਰਦੰਗ ਆਦਿ ਹਨ ਇਹਨਾਂ ਚਮੜੇ ਦੇ ਮੜ੍ਹੇ ਹੋਏ ਸਾਜਾਂ ਦੁਆਰਾ ਗਾਇਨ, ਵਾਦਨ ਅਤੇ ਨ੍ਰਿਤ ਨਾਲ ਸੰਗਤ ਕੀਤੀ ਜਾਂਦੀ ਹੈ। ਤਾਲ ਦੇ ਮੱਹਤਵ ਤੇ ਪ੍ਰਕਾਸ਼ ਪਾਉਂਦਿਆਂ ਆਚਾਰੀਯਾ ਸ਼ਾਰੰਗਦੇਵ ਨੇ ਲਿਖਿਆ ਹੈ:

"ਯਸਤੂ ਤਾਲ ਨ ਜਾਨਾਤਿ, ਗਾਯਕੋ ਨੁ ਚ ਵਾਦਕ

ਤਸਮਾਤ ਸਰਵਪ੍ਰਯਤਨੇਨ, ਕਾਰਯਮ, ਤਾਲਾਵਧਾਰਣਮ"

ਅਰਥਾਤ ਜਿਸ ਵਿਅਕਤੀ ਨੂੰ ਤਾਲ ਦਾ ਗਿਆਨ ਨਹੀਂ ਉਹ ਗਾਇਕ ਜਾਂ ਵਾਦਕ ਕਹਾਉਣ ਦੇ ਯੋਗ ਨਹੀਂ ਹੈ। ਇਸ ਲਈ ਇਹਨਾਂ ਨੂੰ ਤਾਲ ਵਿਦਿਆ ਦਾ ਗਿਆਨ ਹੋਣਾ ਅਤਿ ਜ਼ਰੂਰੀ ਹੈ।

ਭਾਰਤੀ ਸ਼ਾਸ਼ਤਰੀ ਸੰਗੀਤ ਵਿੱਚ ਤਬਲਾ ਅਤੇ ਪਖਾਵਾਜ ਦਾ ਮਹੱਤਵ ਪੂਰਨ ਸਥਾਨ ਹੈ। ਉਤਮ ਤਬਲਾ ਵਾਦਕ ਜਾਂ ਪਖਾਵਜ ਵਾਦਕ ਦੁਆਰਾ ਕੀਤੀ ਉਤਮ ਸੰਗਤ ਗਾਇਕ ਜਾਂ ਵਾਦਕ ਦੀ ਕਲਾ ਨੂੰ ਚਾਰ ਚੰਨ ਲਗਾ ਦਿੰਦੀ ਹੈ। ਅਜੋਕੇ ਸਮੇਂ ਵਿੱਚ ਤਬਲੇ ਦਾ ਪ੍ਰਚਾਰ ਵੱਧ ਗਿਆ ਹੈ।

ਡਾ, ਜਗਮੋਹਨ ਸ਼ਰਮਾ ਦੇ ਸ਼ਬਦਾਂ 'ਚ "ਭਾਰਤੀ ਸੰਗੀਤ ਵਿੱਚ ਸਾਰੇ ਅਵਨੱਧ ਵਾਦਯਾਂ 'ਚੋਂ ਅੱਜ ਕੱਲ ਜੋ ਸਥਾਨ ਤਬਲੇ ਨੂੰ ਮਿਲਿਆ ਹੈ, ਉਹ ਹੋਰ ਕਿਸੇ ਤਾਲ ਵਾਦਯ ਨੂੰ ਨਹੀਂ ਮਿਲਿਆ ਜੇ ਕਰ ਵਰਤਮਾਨ ਯੁਗ ਨੂੰ ਤਬਲੇ ਦਾ 'ਸ੍ਵਰਨ ਯੁੱਗ' ਕਿਹਾ ਜਾਵੇ ਤਾਂ ਕੋਈ ਵੀ ਅਤਿ ਕਥਨੀ ਨਹੀਂ ਹੋਵੇਗੀ"

ਤਬਲਾ ਸ਼ਬਦ ਦੀ ਉਤਪਤੀ 'ਤਬਲ' ਸ਼ਬਦ ਤੋਂ ਮੰਨੀ ਜਾਂਦੀ ਹੈ, ਜੋ ਕਿ ਫਾਰਸੀ ਦਾ ਸ਼ਬਦ ਹੈ। ਕੈਪਟਨ ਵਿਲਾਰਡ ਨੇ ਆਪਣੀ ਪੁਸਤਕ 'ਮਿਊਜ਼ਿਕ ਆਫ ਹਿੰਦੁਸਤਾਨ' ਵਿੱਚ ਤਬਲੇ ਦਾ ਵਰਣਨ ਕਰਦੇ ਹੋਏ ਲਿਖਿਆ ਹੈ, ਕਿ ਤਬਲਾ ਮਿਰਦੰਗ ਅਤੇ ਢੋਲਕ ਤੋਂ ਬਾਅਦ ਦਾ ਸਾਜ਼ ਹੈ। ਇਹ ਮਿਰਦੰਗ ਦੀ ਤਰ੍ਹਾਂ ਹੀ ਵਜਦਾ ਹੈ। ਇਸ ਲਈ ਤਬਲਾ ਮਿਰਦੰਗ ਦਾ ਹੀ ਇੱਕ ਰੂਪ ਹੈ ਜੋ ਸਹੂਲਤ ਦੇ ਲਈ ਸੋਲ੍ਹਵੀਂ ਸਦੀ ਦੇ ਲਗਭਗ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ।

ਗੁਰਮਤਿ ਸੰਗੀਤ ਵਿੱਚ ਵੀ ਤਬਲੇ ਦਾ ਵੱਡਾ ਯੋਗਦਾਨ ਹੈ। ਅੱਜ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀ ਤਬਲੇ ਨੂੰ ਚੋਣਵੇਂ ਵਿਸ਼ੇ ਵਜੋਂ ਅਪਣਾ ਰਹੇ ਹਨ। ਜਿੱਥੇ ਸਾਡੇ ਸਕੂਲਾਂ ਅਤੇ ਕਾਲਜਾਂ ਵਿੱਚ ਯੂਨੀਵਰਸਿਟੀ 'ਚ ਤਬਲੇ ਦੀਆਂ ਬੀ. ਏ. ਅਤੇ ਐਮ. ਏ. ਪੱਧਰ ਤੱਕ ਦੀਆਂ ਡਿਗਰੀਆਂ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਲੈਕਚਰਾਰਸ਼ਿਪ ਲਈ ਯੂ. ਜੀ. ਸੀ. ਪੱਧਰ ਤੱਕ ਦਾ ਪੇਪਰ ਸੈੱਟ ਕੀਤਾ ਜਾ ਰਿਹਾ ਹੈ, ਉੱਥੇ ਇਸ ਦੇ ਨਾਲ-ਨਾਲ ਇਸ ਵਿਸ਼ੇ ਨੂੰ ਵੀ ਹੋਰ ਵਿਸ਼ਿਆਂ ਦੀ ਤਰ੍ਹਾਂ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਰੈਗੂਲਰ ਵਿਸ਼ੇ ਦੇ ਤੌਰ 'ਤੇ ਪੜ੍ਹਾਏ ਜਾਣ ਦੀ ਜ਼ਰੂਰਤ ਹੈ, ਕਿਉਂਕਿ ਪੰਜਾਬ ਤਬਲੇ ਦੇ ਵਿਸ਼ੇਸ਼ ਘਰਾਣਿਆਂ ਵਿੱਚੋਂ ਆਪਣਾ ਇੱਕ ਮਹੱਤਵ ਪੂਰਨ ਸਥਾਨ ਰੱਖਦਾ ਹੈ, ਉਸਤਾਦ ਅੱਲਾ-ਰੱਖਾ ਅਤੇ ਉਹਨਾਂ ਦੇ ਪੁੱਤਰ ਉਸਤਾਦ ਜ਼ਾਕਿਰ ਹੁਸੈਨ ਇਸੇ ਪੰਜਾਬ-ਘਰਾਣੇ ਨਾਲ ਸੰਬੰਧਤ ਹਨ, ਜਿਨ੍ਹਾਂ ਨੇ ਕੇਵਲ ਹਿੰਦੁਸਤਾਨ ਵਿੱਚ ਹੀ ਨਹੀਂ ਬਾਹਰਲੇ ਮੁਲਕਾਂ ਵਿੱਚ ਵੀ ਪੰਜਾਬ ਘਰਾਣੇ ਦਾ ਨਾਮ ਰੋਸ਼ਨ ਕੀਤਾ ਹੈ।

ਪੰਡਤ ਓਮਕਾਰ ਨਾਥ ਠਾਕੁਰ ਜੀ ਦੇ ਸ਼ਬਦਾਂ ਵਿੱਚ ਇੱਕ ਅੱਛਾ ਕਲਾਕਾਰ ਬਣਨ ਵਾਸਤੇ ਚਾਰ ਗੱਲ਼ਾਂ ਦਾ ਹੋਣਾ ਅਤਿ ਜ਼ਰੂਰੀ ਹੈ।

1. ਅੱਛਾ ਗੁਰੂ ਜਾਂ ਅਧਿਆਪਕ ਪ੍ਰਾਪਤ ਹੋ ਜਾਣਾ।

2. ਗੁਰੂ ਤੋਂ ਪ੍ਰਾਪਤ ਹੋਏ ਸਬਕ ਦਾ ਸਹੀ ਢੰਗ ਨਾਲ ਰਿਆਜ਼ ਹੋ ਜਾਣਾ।

3. ਅੱਛਾ ਵਾਤਾਵਰਣ ਜੋ ਸੰਗੀਤ ਉਪਯੋਗੀ ਹੋਵੇ।

4. ਠੀਕ ਭੋਜਨ

ਅਗਰ ਇਹ ਚਾਰੇ ਚੀਜਾਂ ਇੱਕਠੀਆਂ ਹੋ ਜਾਣ ਤਾਂ ਕੋਈ ਵੀ ਸੰਗੀਤ ਵਿੱਚ ਰੁਚੀ ਰੱਖਣ ਵਾਲਾ ਵਿਅਕਤੀ ਇੱਕ ਵਧੀਆ ਕਲਾਕਾਰ ਹੋ ਨਿਬੜਦਾ ਹੈ।

ਗਾਇਨ ਦੇ ਨਾਲ ਤਬਲੇ ਤੇ ਸੰਗਤ ਕਰਨ ਦਾ ਢੰਗ:

ਸਾਡਾ ਵਿਸ਼ਾ ਇਥੇ ਤਬਲਾ ਹੈ, ਇਸ ਲਈ ਆਪਾਂ ਤਬਲੇ ਦੀ ਹੀ ਗੱਲ ਕਰੀਏ, ਬਹੁਤ ਸਾਰੇ ਵਿਦਿਆਰਥੀਆਂ ਕੋਲ ਤਬਲੇ ਦਾ ਸਾਰਾ ਸਬਕ ਹੁੰਦਾ ਹੈ ਰਿਆਜ਼ ਦੇ ਦੁਆਰਾ ਹੱਥ ਦੀ ਤਿਆਰੀ ਵੀ ਵਧੀਆ ਹੋ ਜਾਂਦੀ ਹੈ, ਪ੍ਰੰਤੂ ਤਬਲੇ ਤੇ ਗਾਇਨ-ਵਾਦਨ ਦੀ ਸੰਗਤ ਕਰਨ ਸਮੇਂ ਬੋਲਾਂ ਦੀ ਪੇਸ਼ਕਾਰੀ ਸਹੀ ਨਹੀਂ ਹੁੰਦੀ, ਤਬਲਾ ਵਾਦਕ ਦਾ ਸਭ ਤੋਂ ਵੱਡਾ ਗੁਣ ਇਹ ਹੈ, ਕਿ ਉਹ ਗਾਇਕ ਜਾਂ ਵਾਦਕ ਨੂੰ ਸਮਝ ਕੇ ਸੰਗਤ ਕਰੇ, ਜਦੋਂ ਗਾਇਕ ਜਾਂ ਵਾਦਕ ਤਬਲਾ ਵਾਦਕ ਨੂੰ ਮੌਕਾ ਪ੍ਰਦਾਨ ਕਰੇ, ਤਦ ਹੀ ਉਸ ਨੂੰ ਤਬਲੇ ਤੇ ਆਪਣੀ ਕਲਾਕਾਰੀ ਵਿਖਾਉਣੀ ਚਾਹੀਦੀ ਹੈ।

ਤਬਲੇ ਤੇ ਕੀਤੀ ਬੇਲੋੜੀ ਸੰਗਤ ਸ੍ਰੋਤਿਆਂ ਵਿੱਚ ਆਪਣਾ ਵਧੀਆ ਪ੍ਰਭਾਵ ਨਹੀਂ ਛੱਡ ਪਾਉਂਦੀ, ਇਸ ਲਈ ਸੰਗਤ ਕਰਨ ਵਾਲੇ ਤਬਲਾ ਵਾਦਕ ਨੂੰ ਸਮੇਂ-ਸਮੇਂ ਸਿਰ ਟੁਕੜੇ, ਮੁਖੜੇ, ਲਗੀ, ਲੜੀ, ਥਾਟ ਅਤੇ ਸੁੰਦਰ ਤਿਹਾਈਆਂ ਦਾ ਪ੍ਰਯੋਗ ਕਰਕੇ ਗਾਇਕ ਅਤੇ ਵਾਦਕ ਦੇ ਪ੍ਰੋਗਰਾਮ ਨੂੰ ਸਟੀਕ ਸੰਗਤ ਦੁਆਰਾ ਨਿਖਾਰਨਾ ਅਤੇ ਹੋਰ ਵੀ ਆਕਰਸ਼ਿਤ ਬਣਾਉਣਾ ਇਹੋ ਹੀ ਲਕਸ਼ ਸਾਹਮਣੇ ਹੋਣਾ ਚਾਹੀਦਾ ਹੈ ਨਾਂ ਕਿ ਤਬਲਾ ਗਾਇਕ ਜਾਂ ਵਾਦਕ ਦੇ ਉੱਤੇ ਭਾਰੂ ਹੋਵੇ। ਤਬਲੇ ਤੇ ਕੀਤੀ ਸਹੀ ਲੋੜੀਂਦੀ ਸੰਗਤ ਗਾਇਕ ਜਾਂ ਵਾਦਕ ਦੇ ਪ੍ਰੋਗਰਾਮ ਨੂੰ ਚਾਰ-ਚੰਨ ਲਗਾਉਂਦੀ ਹੈ। ਇਸ ਦੇ ਨਾਲ ਸੰਗਤ ਕਰਨ ਵਾਲੇ ਵਾਦਕ ਦਾ ਵੀ ਸ੍ਰੋਤਿਆਂ ਵਿੱਚ ਮਾਣ ਵੱਧਦਾ ਹੈ।

ਗੁਰਮਤਿ ਸੰਗੀਤ ਵਿੱਚ ਤਬਲੇ ਤੇ ਸੰਗਤ ਕਰਨ ਸਮੇਂ ਅਗਰ ਕੋਈ ਰਾਗੀ ਸਿੰਘ ਗੁਰਬਾਣੀ ਦੇ ਸ਼ਬਦ ਕੀਰਤਨ ਦੀ ਸ਼ੁਰੂਆਤ ਕਿਸੇ ਵੀ ਰਾਗ ਤੋਂ ਕਰਦਾ ਹੈ, ਨਾਲ ਵਜਣ ਵਾਲਾ ਤਾਲ ਤੀਨਤਾਲ, ਝਪਤਾਲ, ਇੱਕਤਾਲ ਜਾਂ ਰੂਪਕ ਤਾਲ ਹੈ, ਤਾਂ ਤਬਲਾ ਵਾਦਕ ਨੂੰ ਗੁਰਬਾਣੀ ਸ਼ਬਦ ਦਾ ਮੁਖੜਾ ਸ਼ੁਰੂ ਹੁੰਦੇ ਹੀ ਸਮ ਤੋਂ ਜਾਂ ਖਾਲੀ ਤੋਂ ਕੋਈ ਵੀ ਖੂਬਸੂਰਤ ਬੋਲ ਜਿਵੇਂ ਕਿ ਉਠਾਣ ਜਾਂ ਟੁਕੜੇ, ਨਾਲ ਤਿਹਾਈ ਸਹਿਤ ਆ ਮਿਲਣਾ ਚਾਹੀਦਾ ਹੈ। ਇਸ ਸਮੇਂ ਧਿਆਨ ਰਹੇ, ਕਿ ਬੋਲ ਦੀ ਆਵਿਰਤੀ ਇੱਕ ਜਾਂ ਦੋ ਆਵਰਤਨਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ, ਇਸ ਤੋਂ ਮਗਰੋਂ ਸਿੱਧੇ ਤਾਲ ਦੇ ਠੇਕੇ ਤੇ ਆ ਕੇ ਕਿਤੇ-ਕਿਤੇ ਠੇਕੇ ਦੇ ਪ੍ਰਕਾਰ ਵਜਾਏ ਜਾ ਸਕਦੇ ਹਨ। ਸਮੇਂ-ਸਮੇਂ ਸਿਰ ਸੰਗਤ ਕਰਨ ਸਮੇਂ ਟੁਕੜਿਆਂ, ਮੁਖੜਿਆਂ, ਦਮਦਾਰ ਅਤੇ ਬੇਦਮ ਤਿਹਾਈਆਂ ਦਾ ਵੀ ਪ੍ਰਯੋਗ ਕੀਤਾ ਜਾ ਸਕਦਾ ਹੈ।

ਗੁਰਮਤਿ ਸੰਗੀਤ ਵਿੱਚ ਖੁਲ੍ਹੇ ਬੋਲਾਂ ਦੀ ਸੰਗਤ ਕਰਨ ਦਾ ਆਪਣਾ ਹੀ ਮਹੱਤਵ ਹੈ, ਪੁਰਾਤਨ ਰਾਗੀ ਸਿੰਘਾਂ ਦੇ ਤਬਲੇ ਵਾਲੇ ਸਿੰਘ ਅੱਜ ਵੀ ਉਸੇ ਪੁਰਾਣੀ ਰਵਾਇਤ ਅਨੁਸਾਰ ਤਬਲੇ ਤੇ ਖੁੱਲ੍ਹੇ ਬੋਲਾਂ ਦੁਆਰਾ ਸੰਗਤ ਕਰਦੇ ਹਨ, ਅਤੇ ਸਾਥ ਦੇ ਬੋਲਾਂ ਦਾ ਪ੍ਰਯੋਗ ਕਰਦੇ ਹਨ। ਪੁਰਾਤਨ ਤਬਲਾ ਜਿਸ ਨੂੰ ਕਿ ਜੋੜੀ ਵੀ ਕਿਹਾ ਜਾਂਦਾ ਸੀ, ਖੱਬੇ ਡੱਗੇ ਉੱਤੇ ਆਟਾ ਲਗਾ ਕੇ ਵਜਾਇਆ ਜਾਂਦਾ ਸੀ, ਉਸ ਆਟੇ ਵਾਲੇ ਡੱਗੇ ਉੱਤੇ ਖੁੱਲ੍ਹੇ ਬੋਲਾਂ ਦੀ ਪੇਸ਼ਕਾਰੀ ਦਾ ਨਿਕਾਸ ਬਹੁਤ ਹੀ ਉਤਮ ਨਿਕਲਦਾ ਸੀ, ਪ੍ਰੰਤੂ ਅੱਜ ਕੱਲ ਖੱਬੇ ਡੱਗੇ ਉੱਤੇ ਸਿਹਾਈ ਲੱਗੀ ਹੁੰਦੀ ਹੈ, ਜਿਨ੍ਹਾਂ ਵਿਦਿਆਰਥੀਆਂ ਨੇ ਖੁੱਲ੍ਹੇ ਅੰਗ ਦੇ ਬੋਲਾਂ ਦੀ ਸਿਖਿਆ ਆਪਣੇ ਉਸਤਾਦ ਸਹਿਬਾਨਾਂ ਤੋਂ ਪ੍ਰਾਪਤ ਕੀਤੀ ਹੈ, ਉਹ ਅੱਜ ਵੀ ਉਸੇ ਪੁਰਾਣੀ ਰਿਵਾਇਤ ਅਨੁਸਾਰ ਗੁਰਮਤਿ ਸੰਗੀਤ ਵਿੱਚ ਸਾਥ ਦੇ ਬੋਲਾਂ ਦੁਆਰਾ, ਖੁੱਲ੍ਹੇ ਅੰਗ ਦੇ ਬੋਲਾਂ ਦੁਆਰਾ ਸੰਗਤ ਕਰਦੇ ਹਨ।

ਆਸਾ ਜੀ ਦੀ ਵਾਰ ਦੇ ਕੀਰਤਨ ਸਮੇਂ ਜਦੋਂ ਪਉੜੀ ਦਾ ਕੀਰਤਨ ਕੀਤਾ ਜਾਂਦਾ ਹੈ ਤਾਂ ਪੁਰਾਣੀ ਰਿਵਾਇਤ ਅਨੁਸਾਰ "ਪਉੜੀ ਠੇਕਾ" ਲਗਾਉਣਾ ਹੀ ਉਚਿਤ ਹੈ, ਪਉੜੀ ਠੇਕਾ ਦੇ ਬੋਲ ਇਸ ਪ੍ਰਕਾਰ ਹਨ-

ਕੜਾਨ ਘੇ ਘੇ ਤਿਟ
ਜਾਂ ਇਸ ਪ੍ਰਕਾਰ ਵੀ ਪਉੜੀ ਠੇਕਾ ਵਜਾਇਆ ਜਾਂਦਾ ਹੈ।
ਘੇ ਤਿਟ ਤਾਗੇ ਤਾ
ਘੇ ਤਿਟ ਤਾਗੇ ਤਾਤ

ਅਜੋਕੇ ਸਮੇਂ ਵਿਚ ਬਹੁਤ ਸਾਰੇ ਤਬਲਾ ਵਜਾਉਣ ਵਾਲੇ ਸਿੰਘ ਪਰੰਪਰਾਗਤ ਠੇਕਾ ਵਜਾਉਣ ਦੀ ਬਜਾਇ ਸਿੱਧਾ ਕਹਿਰਵਾ ਹੀ ਪਉੜੀ ਦੇ ਕੀਰਤਨ ਸਮੇਂ ਵਜਾ ਲੈਂਦੇ ਹਨ, ਪਰ ਜਿੱਥੋਂ ਤੱਕ ਹੋ ਸਕੇ ਪਉੜੀ ਨਾਲ ਸੰਗਤ ਕਰਨ ਸਮੇਂ 'ਪਉੜੀ ਠੇਕਾ' ਦੁਆਰਾ ਹੀ ਸੰਗਤ ਕੀਤੀ ਜਾਵੇ ਤਾਂ ਵਧੇਰੇ ਉਚਿੱਤ ਹੈ।


Phone : (O) 3312440
Resi. : 5721753

Sawhney Cloth House

46, Shanker Market, Connaught Circus, New Delhi - 110 001



Hot millions®



Salad Bar & Restaurant

Serving Indian, Chinese, Continental & Italian Food
with a regular Indian & Salad Buffet

For Free Home Delivery
(above Rs. 100/-)



CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

# ਇੱਕ ਗੁਰਸਿੱਖ, ਸੰਜਮੀ ਤੇ ਨਿਰਵੈਰ ਅਜ਼ੀਜ਼ ਦਾ ਦੁਖਦਾਈ ਵਿਛੋੜਾ


## ਪ੍ਰੋਫੈਸਰ ਜਸਵੰਤ ਸਿੰਘ ਫੁੱਲ

ਸਾਬਕਾ ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ


ਹਰਮਨ ਪਿਆਰੇ ਪ੍ਰੋਫੈਸਰ ਜੋਗਿੰਦਰ ਸਿੰਘ ਜੀ ਨੂੰ ਸੁਰਗਵਾਸੀ ਲਿਖਦਿਆਂ ਮੇਰੀ ਕਲਮ ਕੰਬ ਰਹੀ ਹੈ। ਜਦੋਂ ਅਕਤੂਬਰ 1957 ਵਿੱਚ ਦਿੱਲੀ ਖਾਲਸਾ ਕਾਲਜ ਦੇ ਪੋਲੀਟੀਕਲ ਸਇੰਸ ਵਿਭਾਗ ਵਿੱਚ ਮੇਰੀ ਨਿਯੁਕਤੀ ਹੋਈ ਤਾਂ ਉਸ ਵੇਲੇ ਜੋਗਿੰਦਰ ਸਿੰਘ ਜੀ ਬੀ. ਏ. ਸੈਕਿੰਡ ਈਅਰ ਆਨਰਸ (ਪੰਜਾਬੀ) ਦੇ ਵਿਦਿਆਰਥੀ ਸਨ। ਨਿੱਕੀ ਜਿਹੀ ਪ੍ਰਕਾਸ਼ ਦਾੜ੍ਹੀ ਹੋਣ ਕਾਰਨ ਕਾਲਜ ਦੇ ਸਾਰੇ ਪ੍ਰੋਫੈਸਰ ਅਤੇ ਵਿਦਿਆਰਥੀ ਉਨ੍ਹਾਂ ਨੂੰ 'ਗਿਆਨੀ ਜੀ' ਕਹਿ ਕੇ ਸੰਬੋਧਨ ਕਰਦੇ ਸਨ। ਪ੍ਰਸਿੱਧ ਵਿਦਵਾਨ ਡਾ. ਸੁਰਿੰਦਰ ਸਿੰਘ ਜੀ ਕੋਹਲੀ, ਪੰਜਾਬੀ ਵਿਭਾਗ ਦੇ ਮੁਖੀ ਅਤੇ ਸੰਤ-ਸਰੂਪ, ਸ੍. ਗੁਰਬਚਨ ਸਿੰਘ ਜੀ ਬੱਲ ਪ੍ਰਿੰਸੀਪਲ ਸਨ।

ਮੈਂ ਉਨ੍ਹਾਂ ਦੇ ਗੁਰਮੁਖ ਸਰੂਪ ਨੂੰ ਵੇਖ ਕੇ ਕੋਲ ਬੁਲਾਇਆ ਅਤੇ ਪ੍ਰੇਰਿਆ ਕਿ ਆਉਂਦੀ ਨਵੰਬਰ 1957 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਕਾਲਜ ਵਿਚ ਮਨਾਇਆ ਜਾਵੇ ਅਤੇ ਇੱਕ ਧਾਰਮਿਕ ਸਭਾ ਦਾ ਗਠਨ ਕੀਤਾ ਜਾਵੇ। ਪ੍ਰਿਸੀਪਲ ਬੱਲ ਸਾਹਿਬ ਕਮਰੇ ਵਿੱਚ ਧਾਰਮਿਕ ਸਭਾ ਦਾ ਗਠਨ ਕੀਤਾ ਗਿਆ ਅਤੇ ਗਿਆਨੀ ਜੋਗਿੰਦਰ ਸਿੰਘ ਜੀ ਨੂੰ ਵਿਦਿਆਰਥੀ ਪ੍ਰਧਾਨ ਥਾਪਿਆ ਗਿਆ। ਡਾ.ਸੁਰਿੰਦਰ ਸਿੰਘ ਕੋਹਲੀ, ਪ੍ਰੋ: ਗੁਰਦੀਪ ਸਿੰਘ ਰੰਧਾਵਾ ਅਤੇ ਡਾਕਟਰ ਗੋਬਿੰਦ ਸਿੰਘ ਮਨਸੁਖਾਨੀ ਤੋਂ ਇਲਾਵਾ ਬਹੁਤ ਸਾਰੇ ਵਿਦਿਆਰਥੀ ਵੀ ਇਸ ਮੀਟਿੰਗ ਵਿਚ ਸ਼ਾਮਲ ਹੋਏ।

ਇਉਂ ਦਿੱਲੀ ਦੀਆਂ ਸਿੱਖ ਸੰਸਥਾਵਾਂ ਵਿਚ ਧਾਰਮਿਕ ਸੁਸਾਇਟੀਆਂ ਦੇ ਗਠਨ ਦਾ ਮੁੱਢ ਪ੍ਰੋ. ਜੋਗਿੰਦਰ ਸਿੰਘ ਜੀ ਤੋਂ ਬੱਝਿਆ। ਇੱਥੇ ਇਹ ਦਰਸਾਉਣਾ ਕੁਥਾਂ ਨਹੀਂ ਹੋਵੇਗਾ ਕਿ ਸ੍: ਜੋਗਿੰਦਰ ਸਿੰਘ ਦੇ ਵੱਡੇ ਵੀਰ ਸ੍. ਵਰਿਆਮ ਸਿੰਘ ਜੀ ਉਸ ਸਮੇਂ ਐਮ. ਏ. ਇਕਨਾਮਿਕਸ ਦੇ ਖਾਲਸਾ ਕਾਲਜ ਵਿੱਚ ਹੀ ਵਿਦਿਆਰਥੀ ਸਨ ਅਤੇ ਦਿੱਲੀ ਸਰਕਲ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਪ੍ਰਧਾਨ ਸਨ ਅਤੇ ਹਰ ਹਫਤੇ ਫੈਡਰੇਸ਼ਨ ਦੇ ਦਫ਼ਤਰ ਗੁਰਦੁਆਰਾ ਸਿੰਘ ਸਭਾ, ਚੂਨਾ ਮੰਡੀ, ਪਹਾੜ ਗੰਜ, ਨਵੀਂ ਦਿੱਲੀ ਵਿੱਚ ਬੜੇ ਕਾਮਯਾਬ ਸਟੱਡੀਸਰਕਲ ਆਯੋਜਿਤ ਕਰਦੇ ਸਨ।

1961 ਵਿੱਚ ਸ੍. ਜੋਗਿੰਦਰ ਸਿੰਘ ਨੇ ਐਮ. ਏ. ਪੰਜਾਬੀ ਦਿੱਲੀ ਯੂਨੀਵਰਸਿਟੀ ਤੋਂ ਪਾਸ ਕੀਤੀ ਅਤੇ ਤੁਰੰਤ ਹੀ ਖਾਲਸਾ ਕਾਲਜ, ਦਿੱਲੀ ਵਿੱਚ ਪ੍ਰੋਫੈਸਰ ਨਿਯੁਕਤ ਹੋ ਗਏ। ਸੰਨ 2001 ਤੱਕ ਨਿੰਰਤਰ ਪੂਰੇ ਚਾਲ੍ਹੀ ਸਾਲ ਇਸੇ ਕਾਲਜ ਵਿੱਚ ਅਧਿਆਪਨ ਦੀ ਸੇਵਾ ਕੀਤੀ ਅਤੇ ਸਾਰੇ ਸਿੱਖ ਸੰਸਾਰ ਵਿੱਚ ਗੁਰਮਤ ਦੇ ਲੇਖਕ, ਵਿਦਵਾਨ ਅਤੇ ਪ੍ਰਚਾਰਕ ਵਜੋਂ ਸ਼ੁਹਰਤ ਪ੍ਰਾਪਤ ਕੀਤੀ ਅਤੇ ਦਿੱਲੀ ਦੇ ਖਾਲਸਾ ਕਾਲਜ ਨੂੰ ਵੀ ਸਮੂਹ ਸਿੱਖ ਸੰਗਤਾਂ ਵਿੱਚ ਜੱਸ, ਪ੍ਰਸਿੱਧੀ ਅਤੇ ਕਰੈਡਿਟ ਮਿਲਿਆ। 1975 ਤੋਂ ਲੈ ਕੇ ਸੁਰਗਵਾਸ ਹੋਣ ਤੀ(14-4-2002) ਲਗਾਤਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਜਨਰਲ ਸਕੱਤਰ ਅਤੇ ਕਈ ਸਕੂਲਾਂ ਦੇ ਚੇਅਰਮੈਨ ਰਹੇ। ਦਰਜਨਾਂ ਪੁਸਤਕਾਂ ਗੁਰਮਤ ਦੀ ਵਿਆਖਿਆ ਕਰਨ ਹਿਤ ਲਿਖੀਆਂ ਅਤੇ ਸੈਂਕੜੇ ਪੈਮਫਲਟ ਗੁਰਪੁਰਬਾਂ ਲਈ ਲਿਖੇ ਅਤੇ ਵੰਡਾਏ। ਕਰੋਧ ਤੋਂ ਬਿਲਕੁਲ ਮੁਕਤ, ਵਿਰੋਧੀਆਂ ਲਈ ਵੀ ਕਰੜੇ ਸ਼ਬਦ ਨਹੀਂ ਵਰਤਦੇ ਸਨ ਅਤੇ ਵਿਰੋਧੀ ਧਿਰਾਂ ਦੇ ਵੀ ਬੇਲਾਗ ਸਜਣਾਂ ਦੀ ਭਰਪੂਰ ਪ੍ਰਸੰਸਾ ਕਰਦੇ ਸਨ। ਆਪ ਦਾ ਸੰਬੰਧ ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੀ ਵਿਚਾਰਧਾਰਾ ਨਾਲ ਸੀ ਪਰ ਸ੍. ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਵਿਚਾਰਧਾਰਾ ਵਾਲੇ ਮੈਂਬਰਾਂ ਦਾ ਵੀ ਸਤਿਕਾਰ ਅਤੇ ਆਦਰ ਕਰਦੇ ਸਨ।

**ਸੰਤਾਂ ਵਾਲਾ ਅੰਤ**

13 ਅਪ੍ਰੈਲ 2002 ਨੂੰ ਜਨਕਪੁਰੀ ਦੇ ਗੁਰਦੁਆਰੇ ਵਿੱਚ ਵਿਸਾਖੀ ਪੁਰਬ ਮਨਾਉਣ ਉਪਰੰਤ ਆਪਣੇ ਨਵ- ਜਨਮੇ ਪੋਤਰੇ ਦਾ ਨਾਮਕਰਣ ਕੀਤਾ ਅਤੇ ਸਾਰਾ ਦਿਨ ਘਰ ਵਿੱਚ ਹੀ ਆਰਾਮ ਕੀਤਾ। ਨਵੀਂ ਲਿਖੀ ਜਾ ਰਹੀ ਪੁਸਤਕ ਦੀ ਦੇਖ-ਰੇਖ ਵੀ ਕਰ ਰਹੇ ਸਨ.ਦੇਰ ਰਾਤ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਜੋ ਪਹਿਲਾ ਦੌਰਾ ਸੀ। ਅੱਗੇ ਕਦੇ ਦਿਲ ਦੀ ਬਿਮਾਰੀ ਦੀ ਸ਼ਿਕਾਇਤ ਨਹੀਂ ਹੋਈ ਸੀ। ਡਾਕਟਰੀ ਸਹਾਇਤਾ ਤੋਂ ਪਹਿਲਾਂ ਹੀ ਪਲੋ-ਪਲੀ ਵਿੱਚ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਇਹ ਸੰਤਾਂ ਤੇ ਮਹਾਪੁਰਸ਼ਾਂ ਵਾਲਾ ਅੰਤ ਸੀ।

ਦਿੱਲੀ ਖਾਲਸਾ ਕਾਲਜ ਵਿੱਚ ਪ੍ਰਵੇਸ਼ ਕਰਨ ਮਗਰੋਂ ਜਨਵਰੀ 1958 ਵਿੱਚ ਅਤੇ ਫਿਰ 1958 ਵਿੱਚ, ਮੈਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ, ਬਿਲ ਤਰਤੀਬ ਜਲੰਧਰਅਤੇ ਅੰਮ੍ਰਿਤਸਰ ਦੇ ਭਰਵੇਂ ਸੈਸ਼ਨਾਂ ਵਿੱਚ ਚੁਣਿਆ ਗਿਆ। ਜਿਹੜੇ 50 ਕੁ ਡੈਲੀਗੇਟ ਦਿੱਲੀ ਤੋਂ ਗਏ, ਉਹਨਾਂ ਦੇ ਆਗੂ ਸ੍. ਜੋਗਿੰਦਰ ਸਿੰਘ ਸਨ। ਮਗਰੋਂ ਦਿੱਲੀ ਸਰਕਲ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਕਈ ਵਰ੍ਹੇ ਨਿਭਾਈ। ਜੋਗਿੰਦਰ ਸਿੰਘ ਜੀ ਦੀ ਪ੍ਰਰਨਾ ਨਾਲ ਸ੍. ਹਰਮੀਤ ਸਿੰਘ (ਹੁਣ ਪ੍ਰਿੰਸੀਪਲ, ਖਾਲਸਾ ਕਾਲਜ, ਦੇਵ ਨਗਰ, ਦਿੱਲੀ) ਸ੍. ਪ੍ਰਿਤਪਾਲ ਸਿੰਘ, ਸ੍. ਕੁਲਬੀਰ ਸਿੰਘ ਤੇ ਹੋਰ ਅਨੇਕਾਂ ਵਿਦਿਆਰਥੀਆਂ ਨੂੰ ਫੈਡਰੇਸ਼ਨ ਨਾਲ ਜੋੜਿਆ। ਉਸ ਸਮੇਂ ਸ੍. ਹਰਚਰਨ ਸਿੰਘ (ਅਜੱਕਲ੍ਹ ਪ੍ਰਸਿਧ ਆਰਕੀਟੈਕਟ) ਸ੍. ਬਲਜੀਤ ਸਿੰਘ ਅਤੇ ਹੋਰ ਵੀ ਕਈ ਸੀਨੀਅਰ ਵਰਕਰ ਦਿੱਲੀ ਵਿੱਚ ਸਰਗਰਮ ਸਨ।

ਫੈਡਰੇਸ਼ਨ ਦਾ ਇੱਕ ਆਲ ਇੰਡੀਆ ਕੈਂਪ ਗੁਰਦੁਆਰਾ ਮਜਨੂੰ ਟਿੱਲਾ ਦਿੱਲੀ ਵਿੱਚ ਜੂਨ 1959 ਵਿੱਚ ਕੀਤਾ ਗਿਆ, ਜਿਸ ਵਿੱਚ ਮਾਸਟਰ ਤਾਰਾ ਸਿੰਘ ਜੀ, ਜੱਥੇਦਾਰ ਪ੍ਰੀਤਮ ਸਿੰਘ ਵੀ ਗੋਜਰਾਂ, ਡਾ. ਗੰਡਾ ਸਿੰਘ ਜੀ, ਸ੍. ਹਰਦਿੱਤ ਸਿੰਘ ਜੀ ਮਲਿਕ, ਮਲਿਕ ਮੁਖਬੈਨ ਸਿੰਘ ਜੀ, ਚੀਫ਼ ਜਸਟਿਸ ਤੇਜਾ ਸਿੰਘ ਜੀ, ਸ੍. ਅਮਰ ਸਿੰਘ ਜੀ ਅੰਬਾਲਵੀ, ਸ੍. ਭਰਪੂਰ ਸਿੰਘ ਜੀ, ਸ੍. ਗੁਰਬਖਸ਼ ਸਿੰਘ ਸ਼ੇਰਗਿਲ, ਸ੍. ਗੁਰਰਤਨਪਾਲ ਸਿੰਘ, ਸ੍. ਮਨਜੀਤ ਸਿੰਘ ਜੀ ਕਲਕੱਤਾ ਅਤੇ ਫੈਡਰੇਸ਼ਨ ਦੇ ਹੋਰ ਕਈ ਵਰਕਰ ਸ਼ਾਮਲ ਹੋਏ। ਇਸ ਕੈਂਪ ਦੇ ਲੰਗਰ ਇੰਚਾਰਜ ਸ੍. ਹਰਚਰਨ ਸਿੰਘ, ਸ੍. ਜੋਗਿੰਦਰ ਸਿੰਘ ਅਤੇ ਸ੍. ਬਲਜੀਤ ਸਿੰਘ ਸਨ। ਸ੍. ਸੁਰਜੀਤ ਸਿੰਘ ਮਿਨਹਾਸ ਮੇਰੇ ਨਾਲ ਆਲ ਇੰਡੀਆ ਸਿੱਖ ਸਟੂਡੈਂਟਸ ਦੇ ਮੀਤ ਪ੍ਰਧਾਨ ਸਨ ਅਤੇ ਸ੍. ਮਨਜੀਤ ਸਿੰਘ ਕਲਕੱਤਾ, ਸਰਕਲ ਕਲਕੱਤਾ ਦੇ ਪ੍ਰਧਾਨ ਸਨ।

ਫ਼ਰਵਰੀ 1963 ਵਿੱਚ ਜਲੰਧਰ ਦੀ ਦੁਆਬਾ ਸਿੰਘ ਸਭਾ ਵਿੱਚ ਫੈਡਰੇਸ਼ਨ ਦਾ ਜਨਰਲ ਇਜਲਾਸ ਹੋਇਆ। ਉਸ ਵੇਲੇ ਸ੍. ਸੁਰਜੀਤ ਸਿੰਘ ਮਿਨਹਾਸ ਪ੍ਰਧਾਨ ਸਨ। ਮਿਨਹਾਸ ਸਾਹਿਬ ਦੀ ਟਰਮ ਪੂਰੀ ਹੋ ਚੁੱਕੀ ਸੀ ਅਤੇ ਨਵੀਂ ਟੀਮ ਦੀ ਚੋਣ ਹੋਣੀ ਸੀ। ਸਾਰੇ ਡੈਲੀਗੇਟਾਂ ਦੇ ਸਰਬ ਸੰਮਤੀ ਨਾਲ ਟੀਮ ਚੁਣਨ ਦੇ ਅਧਿਕਾਰ ਡਾ. ਸੰਤੋਖ ਸਿੰਘ ਭੁਪਾਲ ਨੂੰ ਦਿੱਤੇ। ਉਹਨਾਂ ਨੇ ਸੋਚ-ਵਿਚਾਰ ਪਿਛੋਂ ਸ੍. ਮੱਖਣ ਸਿੰਘ ਪ੍ਰਧਾਨ (ਜੋ ਪਿਛੋਂ ਜਾ ਕੇ ਪੰਜਾਬ ਐਂਡ ਸਿੰਧ ਬੈਂਕ ਦੇ ਡਿਪਟੀ ਜਨਰਲ ਮੈਨੇਜਰ ਬਣੇ) ਅਤੇ ਸ੍. ਜੋਗਿੰਦਰ ਸਿੰਘ ਨੂੰ ਮੀਤ ਪ੍ਰਧਾਨ ਥਾਪ ਦਿੱਤਾ। ਇਉਂ ਸ੍. ਜੋਗਿੰਦਰ ਸਿੰਘ ਲਈ ਫੈਡਰੇਸ਼ਨ ਦੀ ਸੇਵਾ ਦਾ ਖੇਤਰ ਹੋਰ ਵਿਸ਼ਾਲ ਹੋ ਗਿਆ। ਇਸ ਦੌਰਾਨ ਆਪ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਸੰਗਤ ਵਿੱਚ ਆਏ ਅਤੇ ਉਹਨਾਂ ਦੇ ਅੰਤ 1994 ਤੱਕ ਉਨ੍ਹਾਂ ਦੇ ਸਹਿਯੋਗੀ ਅਤੇ ਨਿਕਟਵਰਤੀ ਰਹੇ। ਪ੍ਰੋਫੈਸਰ ਜੋਗਿੰਦਰ ਸਿੰਘ ਦੀਆਂ ਕਈ ਪੁਸਤਕਾਂ ਦੇ ਮੁਖ ਸ਼ਬਦ ਵੀ ਪ੍ਰਿੰਸੀਪਲ ਸਾਹਿਬ ਨੇ ਲਿਖੇ। 1961 ਵਿੱਚ ਸ੍. ਸੁਰਜੀਤ ਸਿੰਘ ਮਿਨਹਾਸ ਨੇ ਫੈਡਰੇਸ਼ਨ ਦਾ ਆਲ ਇੰਡੀਆ ਕੈਂਪ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਲਾਇਆ। ਇਸ ਕੈਂਪ ਦਾ ਪ੍ਰਿੰਸੀਪਲ ਤਾਂ ਇਹ ਲੇਖਕ ਸੀ ਪਰੰਤੂ ਮੁੱਖ ਸੇਵਾ ਸ੍. ਜੋਗਿੰਦਰ ਸਿੰਘ ਨੇ ਹੀ ਕੀਤੀ ਸੀ। ਇਸ ਕੈਂਪ ਵਿੱਚ (ਹੁਣ ਪ੍ਰਿੰਸੀਪਲ) ਹਰਮੀਤ ਸਿੰਘ (ਬਤੌਰ ਵਿਦਿਆਰਥੀ ਖਾਲਸਾ ਕਾਲਜ) ਦਾਖਲ ਹੋਏ ਅਤੇ ਇਉਂ ਫੈਡਰੇਸ਼ਨ ਨਾਲ ਉਮਰਭਰ ਲਈ ਜੁੜ ਗਏ।

**ਸੰਜਮੀ ਸੁਭਾਅ**

ਗੁੱਸਾ, ਕ੍ਰੋਧ ਨੇੜੇ ਨਹੀਂ ਲੱਗਣ ਦਿੰਦੇ ਸਨ ਸ੍. ਜੋਗਿੰਦਰ ਸਿੰਘ। ਗਲਤ ਜਾਂ ਨਿਰਾਧਾਰ ਦੂਸ਼ਣ ਲਾਉਣ ਤੋਂ ਪਰੇ ਰਹਿੰਦੇ ਸਨ। ਘਟੀਆ ਤੋਂ ਘਟੀਆ ਇਨਸਾਨ ਲਈ, ਉਚਿਤ ਅਤੇ ਯੋਗ ਸ਼ਬਦਾਂ ਨੂੰ ਇੱਕ ਪਾਸੇ ਰੱਖ ਕੇ ਬਹੁਤ ਨਰਮ ਸ਼ਬਦ ਸੰਕੇਤ ਮਾਤਰ ਹੀ ਵਰਤਦੇ ਸਨ। ਪਰਸਪਰ ਵਿਰੋਧੀਆਂ ਦੇ ਵੀ ਸਾਂਝੇ ਮਿੱਤਰ ਸਨ। ਮਿਸਾਲਾਂ ਅਨੇਕ ਹਨ। ਇਸ ਮੌਕੇ ਉਤੇ ਆਪਣੇ ਪਿਆਰੇ ਅਜ਼ੀਜ਼ ਦੇ ਵਿਛੋੜੇ ਉਤੇ, ਗਮ ਵਿੱਚ ਡੁੱਬਿਆ ਹੋਇਆ, ਮੈਂ ਸਭ ਪੁਰਾਣੇ ਸਾਥੀਆਂ ਨਾਲ ਆਪਣੇ ਸ਼ਰਧਾਂ ਭਰੇ ਜਜ਼ਬਾਤ ਸਾਂਝੇ ਕਰਦਾ ਹੈ। ਨਾਲ ਹੀ ਆਪਣੇ ਵਿਦਿਆਰਥੀ ਸ੍. ਪਰਮਜੀਤ ਸਿੰਘ ਸਰਨਾ (ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ) ਸ੍. ਹਰਬਿੰਦਰ ਸਿੰਘ ਸਰਨਾ, ਸ੍. ਭੁਪਿੰਦਰ ਸਿੰਘ ਸਰਨਾ, ਸ੍. ਨਿਰਵੈਰ ਸਿੰਘ, ਪ੍ਰੋ. ਹਰਮਹਿੰਦਰ ਸਿੰਘ ਅਤੇ ਉਨ੍ਹਾਂ ਦੇ ਅਨੇਕਾਂ ਸਾਥੀਆਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ। ਆਸ ਹੈ ਕਿ ਬੇਟੀ ਡਾਕਟਰ (ਪ੍ਰੋ.) ਸਰਬਪ੍ਰੀਤ ਕੌਰ, ਬੇਟਾ ਸੰਤਮੀਤ ਸਿੰਘ, ਬੇਟੇ ਵਰਗਾ ਜਵਾਈ ਅਵਰਜੀਤ ਸਿੰਘ ਅਤੇ ਆਦਰਸ਼ਕ ਬੇਟੀ ਹਰਨੀਤ ਕੌਰ-ਇਸ ਆਦਰਸ਼ਕ ਸ਼ਖ਼ਸ਼ੀਅਤ ਦੇ ਨਕਸ਼ੇ-ਕਦਮ 'ਤੇ ਤੁਰਦਿਆਂ ਵਾਹਿਗੁਰੂ ਦੇ ਭਾਣੇ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ ਅਤੇ ਪ੍ਰੋ. ਜੋਗਿੰਦਰ ਸਿੰਘ ਦੇ ਮਿਸ਼ਨ ਨੂੰ ਜਾਰੀ ਰੱਖਣ ਹਰ ਪ੍ਰਕਾਰ ਯਤਨਸ਼ੀਲ ਰਹਿਣਗੇ-ਇਹ ਮੇਰੀ ਅਰਦਾਸ ਹੈ।

# ਧੰਨ ਕੀਰਤਨੀਏ ਧੰਨ ਸਰੋਤੇ


## ਰੇਣੁਕਾ ਸਰਬਜੀਤ ਸਿੰਘ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਾਰ, ਲੁਧਿਆਣਾ


ਪਿਛਲੇ ਦਿਨੀਂ ਤਿੰਨ ਹਫਤਿਆਂ ਦੇ ਰਿਫ੍ਰੈਸ਼ਰ ਕੋਰਸ ਲਈ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ ਜਾਣ ਦਾ ਸਬੱਬ ਬਣਿਆ। ਸ਼ਿਮਲਾ ਦੇ ਮੇਨ ਬਸ ਅੱਡੇ ਦੇ ਨੇੜੇ ਹੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਆਲੀਸ਼ਾਨ ਬਿਲਡਿੰਗ ਹੈ। ਸਵੇਰੇ ਸ਼ਾਮ ਦੀਵਾਨ ਸੱਜਦੇ ਹਨ।

ਲੁਧਿਆਣਾ ਤੋਂ ਗੁਰੂ ਸੰਵਾਰੇ ਸ੍: ਗਜਿੰਦਰ ਸਿੰਘ ਜੀ ਪਰਿਵਾਰ ਸਹਿਤ ਹਰ ਸਾਲ 2-4 ਮਹੀਨਿਆਂ ਲਈ ਸ਼ਿਮਲਾ ਜਾਂਦੇ ਹਨ। ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਸਥਾਨਕ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਰਮਜੀਤ ਸਿੰਘ ਬੜੇ ਗੁਣੀ ਅਤੇ ਵਿਚਾਰਵਾਨ ਹਨ। ਪੰਥਕ ਸੋਚ ਦੇ ਧਾਰਨੀ ਹਨ।

ਇੱਕ ਹੋਰ ਗੱਲ ਜੋ ਉਹਨਾ ਨੇ ਦੱਸੀ ਬੜੀ ਹੀ ਰੌਚਕ ਹੈ। ਕਹਿੰਦੇ ਭਾਈ ਕਰਮਜੀਤ ਸਿੰਘ ਜੀ ਨੇ ਪਿਛਲੇ 2-3 ਮਹੀਨਿਆਂ ਦੌਰਾਨ ਸਵੇਰੇ-ਸ਼ਾਮ ਦੀਵਾਨ ਦੀ ਹਜ਼ੂਰੀ ਭਰਦਿਆਂ ਕਰੀਬ 350 ਸ਼ਬਦਾਂ ਦਾ ਗਾਇਣ ਕੀਤਾ ਹੈ ਤੇ ਕਮਾਲ ਦੀ ਗੱਲ ਹਾਲੀ ਤੱਕ ਕੇਵਲ 8-10 ਹੀ ਦੁਬਾਰਾ ਗਾਇਣ ਕੀਤੇ ਹਨ ਉਹ ਵੀ ਸੰਗਤ ਦੀ ਫਰਮਾਇਸ਼ ਤੇ।

ਅਜਿਹੀ ਗੱਲ ਸੁਣ ਕਿ ਭਾਈ ਕਰਮਜੀਤ ਸਿੰਘ ਜੀ ਨਾਲ ਵਾਰਤਾਲਾਪ ਦੀ ਇੱਛਾ ਪ੍ਰਬਲ ਹੋਈ। ਪੇਸ਼ ਹਨ ਇਸ ਦੇ ਕੁਝ ਅੰਸ਼:

**ਜਨਮ ਅਤੇ ਮੁਢਲੀ ਵਿੱਦਿਆ ਬਾਰੇ ਦੱਸਣਾ ਜੀ...।**

ਸੰਨ 1978 ਵਿਖੇ ਮੈਂ ਇਸ ਗੁਰਦੁਆਰਾ ਸਾਹਿਬ ਵਿਖੇ ਮੀਤ ਗ੍ਰੰਥੀ ਵਜੋਂ ਸੇਵਾ ਸੰਭਾਲੀ ਤੇ ਹੁਣ ਅੱਜ ਤੱਕ ਲਗਭਗ 21 ਸਾਲ ਤੋਂ ਇੱਥੇ ਹੀ ਕੀਰਤਨੀਏ ਵਜੋਂ ਸੇਵਾਰਤ ਹਾਂ।

ਬਹੁਤੇ ਰਾਗੀ ਇੰਨਾ ਚਿਰ ਇਕ ਸਥਾਨ 'ਤੇ ਨਹੀਂ ਟਿਕਦੇ। ਤੁਸੀਂ ਕਿਵੇਂ....? ਕਦੇ ਕੋਈ ਮੁਸ਼ਕਿਲ ਨਹੀਂ ਆਈ?

-ਪਹਿਲੀ ਗਲ ਤਾਂ ਇਹ ਕਿ ਮੈਂ ਰਾਗੀ ਨਹੀਂ। ਮੈਂ ਤਾਂ ਗੁਰੂ ਘਰ ਦਾ ਨਿੱਕਾ ਜਿਹਾ ਕੀਰਤਨੀਆ ਹਾਂ। ਸਤਿਗੁਰ ਬਖਸ਼ੀਸ਼ ਕਰਕੇ ਸੇਵਾ ਲਈ ਜਾਂਦੈ। ਮੁਸ਼ਕਿਲਾਂ ਤਾਂ ਆਈਆਂ। ਹੁਣ ਵੀ ਆਉਂਦੀਆਂ ਹਨ ਪਰ ਸੰਗਤ ਨਾਲ ਪ੍ਰੇਮ ਬਣਿਆ ਹੈ। ਮੇਰੀ ਵੀ ਬਹੁਤਾ ਵੇਖਣ ਭਾਲਣ ਵਲ ਰੁਚੀ ਨਹੀਂ।

**ਆਪ ਜੀ ਨੇ ਰਾਗ ਵਿਦਿਆ ਕਿੱਥੋਂ ਹਾਸਲ ਕੀਤੀ?**

-ਮੈਂ ਰਾਗਾਂ ਦਾ ਬਹੁਤ ਮਾਹਰ ਨਹੀਂ। ਕੁਝ ਕੁ ਰਾਗ ਜਿਵੇਂ ਆਸਾ, ਬਿਲਾਵਲ, ਭੈਰਉ... ਆਦਿ ਹੀ ਜਾਣਦਾ ਹੈ। ਮੈਂ ਕਿਸੇ ਵੀ ਉਸਤਾਦ ਪਾਸੋਂ ਵਿੱਦਿਆ ਨਹੀਂ ਹਾਸਲ ਕਰ ਸਕਿਆ। ਮੇਰੀ ਸ੍ਰੋਤ ਬੜੀ ਸੀ। ਵੱਡਿਆਂ ਕੋਲੋਂ ਪੁੱਛ-ਪੁੱਛ ਕੇ ਜਾਂ ਚੰਗੇ ਰਾਗੀ ਸਿੰਘਾਂ ਨੂੰ ਸੁਣ-ਸੁਣ ਕੇ ਹੀ ਕੁਝ ਪ੍ਰਾਪਤ ਕਰ ਸਕਿਆ ਹਾਂ।

ਨਵੇਂ ਸ਼ਬਦ ਗਾਇਣ ਕਰਨ ਦੀ ਰੁਚੀ ਆਮ ਕੀਰਤਨੀਆਂ ਵਿੱਚ ਨਹੀਂ ਹੈ?

-ਗੁਰੂ ਮਹਾਰਾਜ ਦੀ ਐਸੀ ਬਖਸ਼ਿਸ਼ ਰਹੀ ਹੈ ਕਿ ਮੈਂ ਕਦੇ ਵੀ ਰਾਗ ਨੂੰ ਬਾਣੀ ਤੋਂ ਉਪਰ ਨਹੀਂ ਹੋਣ ਦਿੱਤਾ। ਜਤਨ ਕਰਦਾ ਹਾਂ ਕਿ ਸੁਰਤਿ ਸ਼ਬਦ ਵਿੱਚ ਹੀ ਟਿਕੀ ਰਹੇ। ਬਹੁਤਾ ਧਿਆਨ ਸ਼ਬਦ ਵੀਚਾਰ ਵੱਲ ਹੈ। ਸ਼ਬਦ ਨਾਲ ਜੁੜ ਜਾਈਏ ਤੇ ਨੱਠ ਭੱਜ ਮੁੱਕ ਜਾਂਦੀ ਹੈ। ਦੂਜੀ ਗੱਲ ਕਿ ਹਰ ਵੇਲੇ ਸਹਿਜ ਪਾਠ ਅਰਥਾਂ ਤੇ ਵੀਚਾਰ ਸਹਿਤ ਜਾਰੀ ਰਹਿੰਦੈ। ਸਾਲ-ਦੋ ਬਾਅਦ ਭੋਗ ਪਾ ਲਈਏ। ਸੋ ਨਵੇਂ-ਨਵੇਂ ਸ਼ਬਦਾਂ ਦਾ ਭੰਡਾਰ ਮਿਲਦਾ ਰਹਿੰਦਾ ਜੋ ਹਰ ਰੋਜ਼ ਗਾਇਣ ਕਰਨ ਦਾ ਜਤਨ ਕਰੀਦਾ।

**ਕਿਸ ਗਲ ਨੇ ਆਪ ਜੀ ਨੂੰ ਕੀਰਤਨੀਏ ਬਣਨ ਵਲ ਪ੍ਰੇਰਣਾ ਕੀਤੀ?**

ਦਰਅਸਲ ਬਾਣੀ ਪਿਆਰ ਕਾਰਨ ਹੀ ਕੀਰਤਨੀਆ ਬਨਣ ਦੀ ਰੁਚੀ ਬਣ ਆਈ। ਜਦ ਮੈਂ ਕੀਰਤਨ ਦੀ ਸੇਵਾ ਸੰਭਾਲੀ ਤਾਂ ਬੁਢਾ ਦਲ ਦੇ ਨਿਹੰਗ ਸਿੰਘ ਬਾਬਾ ਦਿਆਲ ਜੀ ਨੇ ਮੈਨੂੰ 4 ਗੱਲਾਂ ਕਹੀਆਂ ਜਿਹਨਾਂ ਤੇ ਚਲਣ ਦਾ ਯਤਨ ਕਰ ਰਿਹਾ ਹਾਂ:

**ਪਹਿਲੀ:** ਕਦੇ ਵੀ ਨਿਤਨੇਮ ਨਹੀਂ ਛੱਡਣਾ।
**ਦੂਜੀ:** ਆਪ ਸਮਾਂ ਮੰਗ ਕੇ ਕੀਰਤਨ ਕਰਨ ਲਈ ਨਹੀਂ ਕਹਿਣਾ।
**ਤੀਜੀ:** ਕੀਰਤਨ ਲਈ ਮੋਖ ਜਾਂ ਭੇਟਾ ਨਹੀਂ ਮੰਗਣੀ।
**ਚੌਥੀ:** ਦਸਵੰਧ ਕੱਢਣਾ।

**ਮੌਜੂਦਾ ਪ੍ਰਚਾਰ ਸਿਸਟਮ ਬਾਰੇ ਆਪਦੇ ਸੁਝਾਅ...**

ਸਾਨੂੰ ਸਭ ਤੋਂ ਵੱਧ ਜ਼ੋਰ ਪ੍ਰੈਕਟੀਕਲ ਜੀਵਨ ਤੇ ਦੇਣਾ ਚਾਹੀਦਾ ਹੈ, ਨਹੀਂ ਤਾਂ ਸਾਡਾ ਪ੍ਰਚਾਰ ਕਿਸੇ ਲੇਖੇ ਦਾ ਨਹੀਂ। ਹਰ ਤਰ੍ਹਾਂ ਦੀ ਅਗਵਾਈ ਬਾਣੀ ਤੋਂ ਹੀ ਲਈਏ। ਗੁਰਬਾਣੀ ਪੜ੍ਹਨੀ, ਵਿਚਾਰਨੀ ਠੀਕ ਹੈ ਪਰ ਅਸਲ ਪਉੜੀ ਤਾਂ ਗੁਰਬਾਣੀ ਕਮਾਉਣ ਦੀ ਹੈ। ਜੇ ਅਮਲੀ ਜੀਵਨ ਹੋਵੇਗਾ ਤਾਂ ਹੀ ਹਿਰਦੇ ਵਿੱਚ ਚੀਸਾਂ ਉਠਣਗੀਆਂ। ਆਪਣੇ ਮਤਭੇਦਾਂ ਨੂੰ ਮਿਟਾਈਏ। ਜੇ ਸਾਡਾ ਗੁਰੂ ਇੱਕ ਹੈ, ਬਾਣੀ ਇੱਕ ਹੈ, ਵਿਚਾਰ ਇੱਕ ਹੈ ਤਾਂ ਫਿਰ ਮਤਭੇਦਾਂ ਕਾਰਨ ਲੜਾਈ ਕਿਉਂ? ਅਸੀਂ ਆਪਣੇ ਗੁਰੂ ਦੀ ਗੱਲ ਮੰਨਣੋ ਭੱਜਦੇ ਹਾਂ ਤੇ ਸੰਪਰਦਾਵਾਂ ਨਾਲ ਜੁੜ ਗਏ ਹਾਂ। ਸਾਡੇ ਇਥੇ ਨੇੜੇ ਹੀ ਗੁਰਦੁਆਰਾ ਜੋਤੀਸਰ ਹੈ। 60-70 ਸਾਲ ਪਹਿਲਾਂ ਉਥੇ ਬਾਬਾ ਗੁਰਬਖ਼ਸ਼ ਸਿੰਘ ਜੀ, ਬਾਬਾ ਕਾਲਾ ਸਿੰਘ ਜੀ ਮਹਾਂਪੁਰਖ ਹੁੰਦੇ ਸਨ। ਉਹਨਾਂ ਦੀ ਪ੍ਰੇਰਣਾ ਤੇ ਜੀਵਨ ਦੀ ਛੂਹ ਸਦਕਾ ਸਥਾਨਕ ਕਈ ਲੋਕਾਂ ਨੇ ਸਿੱਖੀ ਧਾਰਨ ਕੀਤੀ। ਉਹ ਅੱਜ ਵੀ ਪੱਕੇ ਸਿੰਘ ਹਨ। ਕਈ ਤਾਂ ਗੁਰਦੁਆਰਾ ਸਾਹਿਬ ਵਿਖੇ ਪੱਕੇ ਤੌਰ ਤੇ ਸੇਵਾਦਾਰ ਵੀ ਹਨ।

ਪਰ ਅੱਜਕਲ੍ਹ ਅਜਿਹੇ ਕੋਈ ਮਹਾਂਪੁਰਖ ਨਹੀਂ ਹਨ ਜਿਹਨ੍ਹਾਂ ਦੀ ਛੂਹ ਸਦਕਾ ਪ੍ਰਚਾਰ ਹੋਵੇ। ਹੋਰ ਹੈਰਾਨੀ ਦੀ ਗੱਲ ਭਾਵੇਂ ਅੱਜਕਲ ਬਹੁਤੇ ਢੋਂਗੀਆਂ ਨੇ ਆਪਣੇ ਆਪ ਨੂੰ 'ਸੰਤ' ਕਹਿਣਾ-ਲਿਖਣਾ ਸ਼ੁਰੂ ਕਰ ਦਿੱਤਾ ਹੈ ਫਿਰ ਵੀ ਸੰਤ ਨਾਲ ਜੁੜਿਆ ਬੰਦਾ ਅੰਮ੍ਰਿਤ ਵੇਲੇ ਉਠ ਰਿਹਾ ਹੈ ਪਰ ਬਾਣੀ ਨਾਲ ਅਖੌਤੀ ਜੁੜਿਆ ਬੰਦਾ 8 ਵਜੇ ਤੱਕ ਸੁੱਤਾ ਹੁੰਦਾ।

**ਆਪਦੇ ਕੀ ਠੋਸ ਸੁਝਾਅ ਹਨ...**

ਮੈਂ ਤਾਂ ਆਪਣੇ ਨਿੱਜੀ ਜੀਵਨ ਦੇ ਤਜ਼ਰਬੇ ਦੇ ਆਧਾਰ ਤੇ ਕਹਿ ਸਕਦਾ ਹਾਂ ਕਿ ਅਸੀਂ ਜੋ ਕੁਝ ਸਿੱਖਿਆ ਆਪਣੇ ਖਾਲਸਾ ਸਕੂਲ ਤੋਂ ਸਿੱਖਿਆ। ਸਾਡੇ ਸਕੂਲ ਵਿੱਚ ਸਾਰੇ ਅਧਿਆਪਕ ਅੰਮ੍ਰਿਤਧਾਰੀ ਸਨ। ਉਸ ਵੇਲੇ ਹੀ ਅਸੀਂ ਬਹੁਤੀ ਬਾਣੀ ਕੰਠ ਕੀਤੀ। ਸਾਨੂੰ ਖਾਲਸਾ ਸਕੂਲਾਂ ਨੂੰ ਦੁਬਾਰਾ ਸਿੱਖੀ ਪ੍ਰਚਾਰ ਦਾ ਕੇਂਦਰ ਬਣਾਉਣਾ ਹੋਵੇਗਾ।


**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA
**Sector: 22 - C, Chandigarh,**
**Ph.:** 700045-48 **Fax** : 0172-700051
**E-mail** : hotelaroma@glide.net.in
**Website** : www.hotelaroma.com

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

**ਖ਼ਬਰਨਾਮਾ**

# ਗੁਰੂ-ਘਰ ਦੇ ਰਾਗੀ ਜਥਿਆਂ ਨੂੰ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨਾ ਚਾਹੀਦਾ ਹੈ

ਅੰਮ੍ਰਿਤਸਰ: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸਬੰਧਤ ਗੁਰਦੁਆਰਾ ਸਾਹਿਬ ਦੇ ਰਾਗੀਆਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਬਾਣੀ ਕੀਰਤਨ ਨੂੰ ਰਾਗ ਬੱਧ ਕਰਨ ਲਈ ਸਹਿਯੋਗ ਮੰਗਿਆ ਹੈ। ਡਾ. ਗੁਰਬਚਨ ਸਿੰਘ ਬਚਨ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਰਾਗੀ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਲੰਦੇ ਜਗਤ ਨੂੰ ਤਾਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤਮਈ ਬਾਣੀ ਦੇ ਸੰਚਾਰ ਦੀ ਵਿਧੀ ਗੁਰਸ਼ਬਦ ਕੀਰਤਨ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਥਾਂ ਪੁਰ ਥਾਂ ਰਾਗ, ਰਾਗ ਪ੍ਰਕਾਰ, ਬਾਣੀ ਗਾਇਨ, ਰੂਪ ਤੇ ਰਹਾਉ ਆਦਿ ਵਰਗੇ ਗੁਰਮਤਿ ਸੰਗੀਤ ਨਿਰਦੇਸ਼ਾਂ ਰਾਹੀਂ ਸ਼ਬਦ ਕੀਰਤਨ ਲਈ ਮਰਯਾਦਾ ਨਿਰਧਾਰਤ ਕੀਤੀ ਗਈ ਹੈ। ਉਸ ਮਰਯਾਦਾ ਵਿੱਚ ਹੀ ਗੁਰਬਾਣੀ ਸ਼ਬਦ ਕੀਰਤਨ ਹੋਣਾ ਚਾਹੀਦਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਰਾਗ ਤੋਂ ਬਾਹਰ ਧਾਰਨਾ ਲਾ ਕੇ ਗੁਰਬਾਣੀ ਕੀਰਤਨ ਕਰਨਾ ਯੋਗ ਨਹੀਂ ਹੈ। ਗੁਰੂ ਸਾਹਿਬਾਨ ਨੇ ਗੁਰੂ ਘਰ ਦੇ ਇਨ੍ਹਾਂ ਮੌਲਿਕ ਰਾਗਾਂ, ਰਾਗ ਪ੍ਰਕਾਰਾਂ ਦੀ ਸ਼ੁਧਤਾ ਕਾਇਮ ਰੱਖਣ ਲਈ ਵੱਖ-ਵੱਖ ਤੰਤੀ ਸਾਜ਼ਾਂ ਨੂੰ ਸ਼ਬਦ ਕੀਰਤਨ ਵਿੱਚ ਸੰਗਤੀ ਸਾਜ਼ਾਂ ਵਜੋਂ ਪ੍ਰਯੋਗ ਕਰਨ ਦੀ ਮਰਯਾਦਾ ਚਲਾਈ, ਪਰ ਤਾਰਾਂ ਵਾਲੇ ਸਾਜ਼ਾਂ ਦੀ ਵਰਤੋਂ ਘਟਣ ਨਾਲ ਰਾਗਾਂ ਦੀ ਸਹੀ ਪਛਾਣ ਵੀ ਘਟਦੀ ਗਈ। ਇਹੀ ਕਾਰਨ ਹੈ ਕਿ ਰਾਗਾਂ ਦੇ ਪ੍ਰਯੋਗ ਦੀ ਥਾਂ ਸਸਤੀਆਂ ਧੁਨਾਂ ਨੇ ਲੈ ਲਈ ਹੈ। ਉਨ੍ਹਾਂ ਕਿਹਾ ਕਿ ਇਹ ਸਥਿਤੀ ਦੁਖਦਾਈ ਤੇ ਸਾਡੇ ਲਈ ਚੁਣੌਤੀ ਹੈ!

ਡਾ. ਗੁਰਬਚਨ ਸਿੰਘ ਬਚਨ ਨੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਾਗ ਤੇ ਬਾਣੀ ਦਾ ਸੁਮੇਲ ਗੁਰਮਤਿ ਸੰਗੀਤ ਹੈ। ਇਸ ਦੇ ਵਿਧਾਨ ਤੇ ਸੁਚੇਤ ਰੂਪ ਵਿੱਚ ਪਹਿਰਾ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਇਲੈਕਟ੍ਰੋਨਿਕ ਮੀਡੀਆ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਨੂੰ ਘਰ-ਘਰ ਪਹੁੰਚਾ ਦਿੱਤਾ ਹੈ ਅਤੇ ਗੁਰਬਾਣੀ ਅਤੇ ਰਾਗ ਦੇ ਗਿਆਨੀ ਬਹੁਤ ਧਿਆਨ ਨਾਲ ਕੀਰਤਨ ਸਰਵਣ ਕਰਦੇ ਹਨ। ਉਨ੍ਹਾਂ ਕਿਹਾ ਕਿ ਕੀਰਤਨ ਸਮੇਂ ਆਉਂਦੀਆਂ ਤਰੁੱਟੀਆਂ ਨੂੰ ਉਹ ਧਿਆਨ ਨਾਲ ਵਿਚਾਰਦੇ ਹਨ ਫਿਰ ਉਹ ਦਫ਼ਤਰ ਤੀਕ ਵੀ ਪਹੁੰਚ ਕਰਦੇ ਹਨ। ਉਨ੍ਹਾਂ ਕਿਹਾ ਕਿ ਗੁਰੂ ਘਰ ਦੇ ਕੀਰਤਨੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਫਰਜ਼ਾਂ ਤੋਂ ਕੁਤਾਹੀ ਨਾ ਕਰਨ। ਉਨ੍ਹਾਂ ਸਾਰੇ ਰਾਗੀ ਜਥਿਆਂ ਨੂੰ ਅਪੀਲ ਕੀਤੀ ਕਿ ਬਾਰ-ਬਾਰ ਸ਼ਬਦ ਦੇ ਦੁਹਰਾਉ ਤੋਂ ਬਚਣ ਲਈ ਵੱਧ ਤੋਂ ਵੱਧ ਸ਼ਬਦ ਯਾਦ ਕੀਤੇ ਜਾਣੇ ਜ਼ਰੂਰੀ ਹਨ।

ਉਨ੍ਹਾਂ ਕਿਹਾ ਕਿ ਫਿਲਮੀ ਧੁਨਾਂ 'ਚ ਕੀਰਤਨ ਕਰਨਾ ਗੁਰੂ-ਘਰ ਦੇ ਕੀਰਤਨੀਆਂ ਨੂੰ ਸ਼ੋਭਾ ਨਹੀਂ ਦਿੰਦਾ, ਸੁਧਾਰ ਵਾਦੀ ਸੋਚ ਅਪਨਾਉਣੀ ਚਾਹੀਦੀ ਹੈ। ਉਨ੍ਹਾਂ ਨੇ ਤੰਤੀ ਸਾਜ਼ਾਂ ਦੀ ਗੁਆਚਦੀ ਨੁਹਾਰ ਤੇ ਚਿੰਤਾ ਪ੍ਰਗਟ ਕੀਤੀ। ਇਸੇ ਸਮੇਂ ਹੀ ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਨੇ ਰਾਗੀ ਜਥਿਆਂ ਦੀ ਮੁਸ਼ਕਲਾਂ ਤੇ ਕੀਰਤਨ ਸਮੇਂ ਆਉਂਦੀਆਂ ਕਠਿਨਾਈਆਂ ਦਾ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨਾਲ ਸਾਂਝਾ ਕੀਤਾ। ਇਸ ਸਮੇਂ ਸ੍ਰ. ਵਰਿਆਮ ਸਿੰਘ ਮੀਤ ਸਕੱਤਰ ਧਰਮ ਪ੍ਰਚਾਰ ਕਮੇਟੀ, ਸ੍ਰ ਦਿਆਲ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ, ਸ੍ਰ ਦਿਲਜੀਤ ਸਿੰਘ ਬੇਦੀ ਇੰਚਾਰਜ ਪਬਲੀਸਿਟੀ ਤੋਂ ਇਲਾਵਾ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਵਿਚ ਮਨਜੀਤ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਰਣਧੀਰ ਸਿੰਘ, ਭਾਈ ਗੁਰਬਚਨ ਸਿੰਘ, ਭਾਈ ਅਮਰੀਕ ਸਿੰਘ, ਭਾਈ ਪ੍ਰੀਤਮ ਸਿੰਘ ਸਾਰੋਂ, ਭਾਈ ਬਲਬੀਰ ਸਿੰਘ, ਭਾਈ ਸੁਖਵਿੰਦਰ ਸਿੰਘ ਗੁਰਦੁਆਰਾ ਸ਼ਹੀਦ ਗੰਜ, ਭਾਈ ਜੋਗਿੰਦਰ ਸਿੰਘ, ਭਾਈ ਅਰਜਨ ਸਿੰਘ ਦੇ ਰਾਗੀ ਜਥਿਆਂ ਨੇ ਮੀਟਿੰਗ ਵਿੱਚ ਹਾਜ਼ਰੀ ਭਰੀ।

**- ਡਾ. ਬਚਨ**

*(ਧੰਨਵਾਦ ਸਹਿਤ: ਗੁਰਦੁਆਰ ਗਜ਼ਟ ਅਪ੍ਰੈਲ 2002)*

## ਖ਼ਬਰਨਾਮਾ

# 'ਹਰਿਮੰਦਰ ਸਾਹਿਬ 'ਚ ਕੀਰਤਨ ਨਿਰਧਾਰਤ ਰਾਗਾਂ 'ਚ ਨਹੀਂ ਹੋ ਰਿਹਾ'

**ਨਵੀਂ ਦਿੱਲੀ**, 30 **ਅਪ੍ਰੈਲ (ਯੂ ਐਨ ਆਈ)**- ਪ੍ਰਸਿੱਧ ਸ਼ਾਸਤਰੀ ਗਾਇਕ ਸੁਰਿੰਦਰ ਸਿੰਘ ਨੇ ਅੱਜ ਇੱਥੇ ਕਿਹਾ ਕਿ ਇਹ ਬੜੇ ਅਫ਼ਸੋਸ ਦੀ ਗੱਲ ਹੈ ਕਿ ਹਰਿਮੰਦਰ ਸਾਹਿਬ ਵਿੱਚ ਕੀਰਤਨ ਨਿਰਧਾਰਤ ਰਾਗਾਂ ਵਿਚ ਨਹੀਂ ਕੀਤਾ ਜਾ ਰਿਹਾ। ਸ਼ਬਦ ਗਾਇਨ ਦਾ ਮਿਆਰ ਦਿਨੋ-ਦਿਨ ਡਿੱਗ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗੀਤਕ ਰਵਾਇਤਾਂ ਨੂੰ ਮੂਲੋਂ ਹੀ ਅੱਖੋਂ ਓਹਲੇ ਕਰ ਦਿੱਤਾ ਹੈ। ਸ੍ਰੀ ਸੁਰਿੰਦਰ ਸਿੰਘ ਅਤੇ ਸ੍ਰੀ ਤੇਜਪਾਲ ਸਿੰਘ ਜੋ ਸਿੰਘ ਬੰਧੂ ਵਜੋਂ ਜਾਣੇ ਜਾਂਦੇ ਹਨ ਅਤੇ ਰਵਾਇਤੀ ਸ਼ਾਸਤਰੀ ਗਾਇਨ ਤੋਂ ਇਲਾਵਾ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦਾ ਗਾਇਨ ਕਰਦੇ ਹਨ।

ਸ੍ਰੀ ਸੁਰਿੰਦਰ ਸਿੰਘ ਨੇ ਕਿਹਾ, "ਇੱਕ ਸਮਾਂ ਸੀ ਜਦੋਂ ਸੰਗੀਤ ਦੇ ਪ੍ਰੇਮੀ ਅਤੇ ਸ਼ਰਧਾਲੂ ਦੂਰ-ਦੁਰੇਡੇ ਥਾਵਾਂ ਤੋਂ ਕੀਰਤਨ ਸੁਣਨ ਲਈ ਹਰਿਮੰਦਰ ਸਾਹਿਬ ਪੁੱਜਿਆ ਕਰਦੇ ਸਨ। ਅੱਜ ਹਜ਼ੂਰੀ ਰਾਗੀ ਜੱਥਿਆਂ ਨੇ ਨਿਰਧਾਰਤ ਰਾਗਾਂ ਨੂੰ ਛੱਡ ਹੀ ਦਿੱਤਾ ਹੈ, ਜਦੋਂ ਕਿ ਸਾਰਾ ਸੰਸਾਰ ਉਨ੍ਹਾਂ ਨੂੰ ਟੈਲੀਵਿਜ਼ਨ 'ਤੇ ਦੇਖਦਾ ਹੈ।" ਸ੍ਰੀ ਸੁਰਿੰਦਰ ਸਿੰਘ ਨੇ ਕਿਹਾ ਕਿ ਹਰਿਮੰਦਰ ਸਾਹਿਬ ਅਤੇ ਹੋਰ ਕਈ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਰਤਨ ਦੀ ਰਵਾਇਤੀ ਸ਼ੈਲੀ ਨੂੰ ਕਾਇਮ ਰੱਖਣ ਲਈ ਕੁਝ ਨਹੀਂ ਕੀਤਾ। ਹੈਰਾਨੀ ਦੀ ਗੱਲ ਇਹ ਹੈ ਕਿ ਕੀਰਤਨ ਦੇ ਇਸ ਡਿੱਗ ਰਹੇ ਮਿਆਰ ਬਾਰੇ ਕਿਸੇ ਨੂੰ ਕੋਈ ਚਿੰਤਾ ਨਹੀਂ ਹੈ।

ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਸਿੱਖ ਸ਼ਾਸਤਰੀ ਸੰਗੀਤ ਅਤੇ ਸਿੱਖ ਰਵਾਇਤਾਂ ਦਾ ਕੇਂਦਰ ਹੈ। ਆਜ਼ਾਦੀ ਤੋਂ ਪਹਿਲਾਂ ਹਰਿਮੰਦਰ ਸਾਹਿਬ ਵਿੱਚ ਸਿੱਖ ਰਾਗੀ ਹੀ ਨਹੀਂ, ਸਗੋਂ ਮੁਸਲਿਮ ਰਬਾਬੀ ਵੀ ਸ਼ੁੱਧ ਰਾਗਾਂ ਵਿਚ ਸ਼ਬਦ ਕੀਰਤਨ ਕਰਿਆ ਕਰਦੇ ਸਨ। ਉਨ੍ਹਾਂ ਨੂੰ ਸੁਣਨ ਲਈ ਸ਼ਰਧਾਲੂ ਅਤੇ ਸੰਗੀਤ ਪ੍ਰੇਮੀ ਵੀ ਹਰਿਮੰਦਰ ਸਾਹਿਬ ਜਾਇਆ ਕਰਦੇ ਸਨ। ਸ੍ਰੀ ਸੁਰਿੰਦਰ ਸਿੰਘ ਨੇ ਕਿਹਾ ਕਿ ਭਾਈ ਚਾਂਦ ਜੀ, ਭਾਈ ਲਾਲ ਜੀ, ਭਾਈ ਤਾਬਾ ਜੀ ਅਤੇ ਉਨ੍ਹਾਂ ਵਰਗੇ ਹੋਰ ਕਈ ਰਬਾਬੀਆਂ ਦੀ ਕਿਸੇ ਸਮੇਂ ਗੁਰੂ ਘਰ ਵਿੱਚ ਅਤੇ ਸਿੱਖ ਸੰਗਤਾਂ ਵਿੱਚ ਬਹੁਤ ਮਾਨਤਾ ਸੀ। ਪਰ ਆਜ਼ਾਦੀ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੈਰ-ਸਿੱਖ ਕੀਰਤਨੀਆਂ ਨੂੰ ਗੁਰਦੁਆਰਿਆਂ ਵਿੱਚ ਨਿਯੁਕਤ ਕਰਨ 'ਤੇ ਪਾਬੰਦੀ ਲਾ ਦਿੱਤੀ। ਇਸ ਗੱਲ ਨੇ ਸਿੱਖ ਸ਼ਾਸਤਰੀ ਸੰਗੀਤ ਨੂੰ ਭਾਰੀ ਸੱਟ ਮਾਰੀ। ਇਸ ਕਾਰਨ ਰਬਾਬੀ ਬੇਰੁਜ਼ਗਾਰ ਹੋ ਗਏ ਅਤੇ ਬਹੁਤੇ ਰਬਾਬੀ ਮਜ਼ਬੂਰ ਹੋ ਕੇ ਪਾਕਿਸਤਾਨ ਚਲੇ ਗਏ। ਅਫ਼ਸੋਸ ਦੀ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਧਰਮ ਦੇ ਐਨ ਕੇਂਦਰ ਵਿੱਚ ਵੀ ਨਿਰਧਾਰਤ ਰਾਗਾਂ ਵਿੱਚ ਕੀਰਤਨ ਨੂੰ ਉਤਸ਼ਾਹਤ ਨਹੀਂ ਕਰ ਰਹੀ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸਿਖਲਾਈ ਦਾ ਪ੍ਰਬੰਧ ਕਰ ਕੇ ਯੋਗ ਕੀਰਤਨੀ ਜਥੇ ਤਿਆਰ ਕਰੇ। ਘੱਟੋ-ਘੱਟ ਦਰਜਨ ਕੁ ਰਾਗੀ ਜਥੇ ਅਜਿਹੇ ਹੋਣ ਜਿਨ੍ਹਾਂ ਨੂੰ ਸਿੱਧੇ ਪ੍ਰਸਾਰਣ ਸਮੇਂ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਦੀ ਸੇਵਾ ਸੌਂਪੀ ਜਾ ਸਕੇ। ਇਹ ਕੀਰਤਨੀ ਜਥੇ ਗੁਰਬਾਣੀ ਦੇ ਉਚਾਰਣ ਵਿੱਚ ਵੀ ਨਿਪੁੰਨ ਹੋਣ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਦੀ ਵੀ ਮੁਹਾਰਤ ਰੱਖਦੇ ਹੋਣ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੂੰ ਇਹੀ ਨਹੀਂ ਪਤਾ ਕਿ ਕੀਰਤਨ ਕੀ ਹੈ, ਉਨ੍ਹਾਂ ਨੂੰ ਘੱਟੋ-ਘੱਟ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਲਈ ਬੈਠਣ ਦਾ ਕੋਈ ਅਧਿਕਾਰ ਨਹੀਂ ਹੈ। ਮਿਆਰ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੈ।

*(ਧੰਨਵਾਦ ਸਹਿਤ: ਪੰਜਾਬੀ ਟ੍ਰਿਬਿਊਨ 1/5/2002)*

**ਸੂਚਨਾ:** ਰਬਾਬ ਫਾਊਂਡੇਸ਼ਨ ਵਲੋਂ ਸੂਚਨਾ ਦਿੱਤੀ ਗਈ ਹੈ ਕਿ ਰਬਾਬ ਅਤੇ ਹੋਰ ਤੰਤੀ ਸਾਜ਼ ਸਿਖਾਉਣ ਲਈ ਗੁਰਦੁਆਰਾ ਬੁੱਢਾ ਆਸ਼ਰਮ ਫੇਜ਼-1, ਮੁਹਾਲੀ ਵਿਖੇ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ।
**ਪੁੱਛਗਿੱਛ:** ਸ੍. ਹਰਭਜਨ ਸਿੰਘ ਚੋਪੜਾ, ਫੋਨ 713915, 272064

# JAPJI SAHIB

## A LIFE-GIVING SPLENDID BENEDICTION OF GURU NANAK DEV JI

Bhagwant Singh Dalawari

Tapovan, Amravati 444 602 (Maharashtra)

We daily recite this prayer - some of us from early childhood when our parents drilled into our minds that this must be learnt by heart - but I must confess I am one of those who had never delved into its sweet panoramic excellence in depicting the Lord's matchless glory in matchless splendour detailed in matchless divine words. Perhaps, I knew the meanings of the verses - some may have been wrong as well - but the total majesty of what God is like, how His play of the world functions, how He makes it possible for the yearning souls to reach Him, how limitless He is in everything and how no claim of knowledge about His totality is perfect or absolute had never *entered* my heart.

Taking a panoramic look at the majesty of Guru Nanak's premier divine message marking the beginning of Guru Granth Sahib I am astounded that our Guru's guidance is so complete in terms of living our lives in peace and happiness that the adherent can *never* go wrong. And the guidance is so perfect step-by-step analysis that a devotee who listens to this message and lives it obediently will have *nothing* but *bliss* in his entire life. I take the *Sloka* first. For every soul in this world, Guru makes it a playground under the guidance of Lord Himself with Air as the Guru, Water as the Father and Earth as the Mother being reared by the nurses, Day and Night. In other words, Guru is guiding the soul, Earth as mother has given the body and Water is the source of life from the Father. During the day Man functions in various capacities but the Night nurse puts him to sleep. *All his deeds are being watched by the director of the play and being scrutinised.* According to the scrutiny of the Lord's court of his deeds, he will find himself *near* God or *far away* from God, *although the everlasting God* will always be in His usual presence. And those who have laboured hard in *Naam* to reach Him or merge in Him will find their faces bright because of having acquitted themselves well. Indeed they will liberate many others connected with them.

Guru Nanak opens his secrets with the expertise of a great performer presenting his masterpiece. The Guru brings out in *Mool Mantra* the full splendour of the Lord, His majesty and His beginning-less ever lasting existence, His fearless and hatred-free *truth* in the past, in the present and in the future. And how He excites the soul to look for Him, enjoy Him, receive His love, through Guru's grace.

I would like to take together *Paudis* 1 to 7 in defining the scope of Guru's thrust for understanding such a splendid Lord. He rules out external purities, silences, fastings or worldly intellect but emphasises that the wall of falsehood can be broken only by *living* in *God's will*. Indeed the will cannot be understood - although every thing is in His command and will - but those who do understand His will lose their *humein*, i.e. ego. Everyone tries to describe God with his limited personal concern through His gift or His strength or His presence etc., but no one can grasp His full Majesty. Guru Nanak suggests a way. To receive His love and see His *Darbar*, get up at *Amritvela*, sing His praises and meditate on His glory. You will receive His grace for salvation but that is not the point. Real thing is to become *Sachiar and know the Sachiar*, God is Truth and Truth -knower, i.e. *Sach and Sachiar*. Guru Nanak encourages us to become one with Him. And he goes on. Since the Lord is self-created and is dependent on no one, Guru's word can open the door to Him through the grace of ceaseless remembrance which Guru Nanak pleads for. He says your intellect will be full of diamonds and pearls if you listen to Guru's one command, i.e. *never* to forget the Lord of all. Not only are externals valueless, the worldly grandeur, the possessions, the acclaim of all the worlds, millions of years of age - all, practically all - are of no use, if grace of the Lord is not there. If this is not there, no one will even recognise you and you will be considered a little worm and even criminals will accuse you of crimes.

Having set out guidelines to know the Lord, Guru Nanak details the benefits of listening to His *Naam*. Four *Paudis* from 8 to 11 apart from stressing freedom from pain and sin and ensuring uninterrupted bliss for *Bhakats*, go to bring out the heights of knowledge and understanding of the Divine and the levels to which the listener can reach. The Guru then stresses that this is not enough. He goes on to *Paudis* 12 to 15 in emphasising *living in obedience* to what one listens to. *Naam*, he says, is untainted and is so uplifting that only the rare ones get to imbibe it. But those who do, become so high that others cannot fathom their greatness. They take themselves high of course, but also become the centre of improvements for others.

They can become *Panchas* both in the world and in God's court, says Nanak in *Paudi* 16, and get to understand the real base of world's existence. That is *Dharma* and not the imagined Bull. And *Dharma*, the son of compassion lives only if contentment reigns. The *Panchas* realise that the grandeur of the Lord cannot be understood totally and the Guru says we sacrifice unto Him because who can describe Him completely? Let us accept His will and know whatever He does must be the *best*.

*Paudis* 17 to 19 detail the different aspects of the play of the Lord in the world.

Countless millions of *Bhaktas* and their systems of *Bhakti* apart, there are millions of wicked men and their wicked deeds. And in every case the order of the Lord is perfect. He alone is free from anyone's order. Everyone else is functioning in terms of His writings (*Lekh*). To say "millions" too is a misnomer for God knows how many more there are. The best thing is to sacrifice oneself unto *Him* and accept His will sweetly believing that whatever He does must be wonderful.

In this play where the saints, the wicked and others abound, Guru Nanak then suggests in *Paudis* 20 to 23, that *Naam* alone is the thing. And Naam apart from washing off previous sins and bad thoughts in the intellect ensures that '*good*' or '*bad*' are not the proper labels. You attract the results according to your deeds and you reap what you have sown. The emphasis is on gathering virtues for *Bhagti* because without qualities there can be no *Bhagti* and external pilgrimages, etc. are of no use. Living in *Naam* enables you to know about what even Scriptures may not know. Guru Nanak says countless worlds and *Patalas* exist and even *Puranas* and *Koran* do not know, Similarly the worldly kings, masters of oceans and hills cannot equal the strength of *the ant which is drenched in Naam. This* powerful message then leads Guru Nanak to define the limitlessness of God's grandeur, God's graciousness and God's unassessable qualities. Only fools will say, they know all. *Rishis*, *Munis*, *Sidhas* and others have all tried and passed away. And God remains *Be-ant*, *Be-ant*, and *Be-ant* (*Paudis* 24 to 26).

The dramatic pen-picture of the Lord sitting at the threshold of His Home watching and surveying His creation all of which is singing His praise and He, the Truth and the Everlasting Truth, doing whatever He wants without anyone ordering Him about is superb in *Paudi* 27. *Paudis* 28 to 31 bring out the hollowness of external rites of the *Jogi* and the Guru stresses contentment, chastity, *Laaj*, faith, and meditation instead as also the consideration of all human beings as one *Panth* or class, as their *Aai Panth*. Let him feed himself on *Atamgyan* from the store-house of compassion and remain away from *Ridhi-Sidhi*. Let him recognise the Lord as the *Nath* in whom all the people are represented and it is the Lord who is in control: the three disciples have come out of *Maya's* connection with Him. The Lord makes them - *Shiva*, *Brahma* and *Vishnu* - work as He wants and the wonder is that He sees them but they realise not. Also in all the worlds, it is the Lord who is present and watches and surveys all. The *Jogi's* concepts are false. And the Guru stresses: Let us make obeissances to the one Lord who has no beginning and is untainted and is ever imperishable and indeed remains unchangeable.

*Paudis* 32 and 33 make a wonderful appeal. If nothing else avails, Guru Nanak wants us all to ceaselessly and repeatedly go on reciting Lord's Naam so that

falsehood which may try to imitate would automatically fall away and those who are sincere will merge in the Lord, *because* nothing is attained with one's own force. Speaking, remaining silent, attaining knowledge or becoming *Gyani*, all - literally all - is under His command and He commands and watches, therefore, no one is high or low (in terms of *Brahmanic* principles).

*Paudis* 34 to 37 which are nearly the concluding portion of *Japji Sahib* beautifully bring out the levels in terms of spirituality which can form the syllabus of a real aspirant on the basis of what he has understood and learnt so far. Let him become a disciple-student a serious one to watch his *Karmas* in the *Dharmassala* which is the World. But the *Dharmkhand* (the level of *Dharma*) presupposes that all his karmas will be scrutinised and his truth or untruth (*Kach Pakai*) will be judged there. So he becomes very strict in watching him self. Having thus made serious efforts to guard his actions, he enters *Gyankhand*, a concept in which in addition to his external eyes he begins to have internal visions of the whole existence and creations of the Lord in which he finds numerous *Vishnus* and *Krishnas*, Suns, Moons, Earths etc. Thus his inner eye is opened. That is *Gyankhand*, Then he realises in *Saramkhand* in shame and agony that he is Nothing. He must work hard and steadfastly walk on the path of the Lord and get rid of other infirmities to become that most beautiful one to be loved by the Lord in his Grace. Then comes *Karamkhand*, where Lord's grace abounds. Only those people reach there, who have successfully passed through the earlier levels and now have become so powerful that they have God entrenched into themselves and they cannot be cheated, nor can they die. Thereafter, they come face to face with the Lord who is in *Sachkhand*. And He surveys all and showers His grace; limitless, limitless and indescribable are the words to define this *Sachkhand*.

And finally in *Paudi* 38, Guru Nanak lays down a Wonderful but Very Difficult concept of a humanbeing being struck as a Coin in *Shabad-Taksal* through various torturing experiences like the gold coin, but the Guru refers to the fireplace of self-control, patience as goldsmith and the virtues of intellect being guided by Scriptural Truth, holy fear and devoted love along with the Amrit Naam. When the coin - the humanbeing - is ready in the shabad-oriented taksal with the grace of the Lord, God always shows Him His graciousness and keeps the devotee in Bliss.

It is a pity that we *Sikhs* - the so called *Sikhs* because we are deviating from our *Gurus'* commands to such an extent that I hang my head in shame for my own inadequacies - have not derived the benefits that accrue to us by the simplest method of Guru Nanak's guidance. In brief, the message of *Japji Sahib* is:

*Ceaseless remembrance of the Lord in ceaseless presence of the Lord with ceaseless interior prayer for light, guidance and grace.*

# ਸੁਰ ਨਿਧੀਆਂ

## ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਗ ਪਹਿਲਾ)

### ਰਾਗ ਸੋਰਠਿ

ਸੋਰਠਿ ਰਾਗ ਦੀ ਬਾਣੀ ਆਮ ਗੁਰਸਿਖਾਂ ਦੇ ਮੂੰਹ ਤੇ ਸਹਿਜੇ ਹੀ ਚੜ੍ਹੀ ਹੋਈ ਹੈ। ਬੜਾ ਸਰਲ ਅਤੇ ਮਿਠਾ ਰਾਗ ਹੈ ਪਰ ਸੁਹਾਵਣਾ ਤਾਂ ਹੀ ਲਗੇਗਾ ਜੇ ਹਰੀ ਦੇ ਨਾਮ ਨੂੰ ਢੰਢੋਲੇਗਾ।

***ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮ ਢੰਢੋਲੇ॥*** ਅਤੇ ***ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥***

ਹਰੀ ਨਾਮ ਦੇ ਰਸ ਨੂੰ ਪੀ ਕੇ ਮੁਰਦੇਹਾਨ ਨਹੀਂ ਆਏਗੀ ਤੇ ਇਸ ਲੋਕ ਵਿੱਚ ਅਤੇ ਪ੍ਰਲੋਕ ਵਿੱਚ ਗੁਰਸਿੱਖ ਦੀ ਸੋਅ ਨਿਰਮਲ ਹੋਵੇਗੀ।

***ਸੋਰਠਿ ਸੁ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥ ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ॥***

**ਥਾਟ:** ਖਮਾਜ **ਜਾਤੀ:** ਔੜਵ-ਸੰਪੂਰਨ **ਸਮਾਂ:** ਰਾਤ ਦਾ ਦੂਸਰਾ ਪਹਿਰ **ਵਾਦੀ:** ਰਿਸ਼ਭ **ਸੰਵਾਦੀ:** ਧੈਵਤ

**ਅਰੋਹ:** ਸ ਰੇ, ਮ ਪ, ਨੀ ਸਂ। **ਅਵਰੋਹ:** ਸਂ ਰੇਂ ਨੁੀ ਧ, ਮ ਪ ਧ ਮ $^{ਗ}$ਰ, ਨ਼ੀ ਸ।

**ਸੁਰ:** ਦੋਨੋਂ ਨਿਸ਼ਾਦ, ਬਾਕੀ ਸਾਰੇ ਸ਼ੁੱਧ, **ਅਰੋਹ ਵਿੱਚ:** ਗੰਧਾਰ ਤੇ ਧੈਵਤ ਵਰਜਿਤ। **ਅਵਰੋਹ ਵਿੱਚ:** 'ਗ' ਦਾ ਪ੍ਰਯੋਗ ਕੇਵਲ ਮੀਂਡ ਦੁਆਰਾ। **ਮੁੱਖ ਅੰਗ:** ਸ ਰੇ, ਮ ਪ, ਨੁੀ ਧ, ਪ, ਧ ਮ ਰੇ, ਨ਼ੀ ਸ।

**ਸੁਰ ਵਿਸਥਾਰ** 1. ਸ, ਨ਼ੀ ਸ, ਸ ਨੁ਼ੀ ਧ਼, ਪ਼, ਮ਼ ਪ਼ ਨ਼ੀ ਸ, ਨ਼ੀ ਸ ਰੇ, ਮ$^{ਗ}$ ਰੇ, ਰੇ ਮ ਪ, ਪ ਧ, ਮ$^{ਗ}$ ਰੇ, ਨ਼ੀ ਸ ਰੇ ਮ$^{ਗ}$ ਰੇ, ਨ਼ੀ ਸ।

2. ਰੇ ਮ ਪ, ਮ ਪ ਨੁੀ ਧ ਪ, ਮ ਪ ਨੀ ਸਂ, ਨੀ ਸਂ ਰੇਂ, ਮ$^{ਗ}$ ਰੇਂ, ਰੇਂ ਮਂ ਪਂ ਮ$^{ਗ}$ ਰੇਂ, ਨੀ ਸਂ ਰੇਂ ਨੁੀ ਧ, ਪ, ਪ ਧ ਮ$^{ਗ}$ ਰੇ, ਨ਼ੀ ਨ਼ੀ ਸ।

ਤਿੰਨਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | ਮਪ | ਸਂ | - | ਪ | ਪਧ | ਮ | ਮ | ਮ | ਰੇ | ਸ | ਰੇ |
| | | | | | **ਅਪੁ** | **ਨੇ** | ऽ | ऽ | **ਸਤਿ** | **ਗੁ** | **ਰ** | **ਕੈ** | ऽ | **ਬ** | **ਲਿ** |
| ਨੀ | - | ਸ | - | - | - | - | - | - | ਨ਼ੀ | ਨ਼ੀ | - | - | ਸ | ਸ | ਸ |
| **ਹਾ** | ऽ | **ਰੈ** | ऽ | ऽ | ऽ | ऽ | ऽ | ऽ | **ਆ** | **ਗੈ** | ऽ | ऽ | **ਸੁ** | **ਖ** | ऽ |
| ਸ | $^{ਮ}$ਰੇ | - | ਪਮ | (ਪ) | - | ਮ | ਰੇ | - | ਮਮ | ਪ | - | ਨੀ | ਨੀ | - | - |
| **ਪਾ** | **ਛੈ** | ऽ | **ਸੁਖ** | **ਸਹ** | ऽ | **ਜਾ** | ऽ | ऽ | **ਘਰਿ** | **ਆ** | ऽ | **ਨੰ** | **ਦੁ** | ऽ | ऽ |
| - | ਨੀ | ਸਂ | (ਸਂ) | ਨੁੀ | (ਨੁੀ) | ਧ | ਪ | - | | | | | | | |
| ऽ | **ਹ** | **ਮਾ** | ऽ | **ਰੈ** | ऽ | ऽ | ऽ | ऽ | | | | | | | |
| ਅੰਤਰਾ | | | | | | | | | - | ਮਮ | ਮ | ਪ | - | ਨੀ | ਨੀ |
| | | | | | | | | | ऽ | **ਗੁਰੁ** | **ਪੂ** | **ਰਾ** | ऽ | **ਭੇ** | **ਟਿ** |
| ਸਂ | ਸਂ | ਸਂ | ਸਂ | ਰੇਂ | ਨੀ | ਸਂ | - | - | ਰੇਂਰੇਂਰੇਂ | ਰੇਂ | ਮਂਰੇਂ | ਮਂ | - | ਰੇਂ | ਨੀਨੀ |
| **ਓ** | ऽ | **ਵ** | **ਡ** | **ਭਾ** | ऽ | **ਗੀ** | ऽ | ऽ | **ਮਨਹਿ** | ऽ | **ਭਇਆ** | ऽ | ऽ | ऽ | **ਪਰ** |
| ਨੀ | - | - | - | ਸਂ | - | - | - | - | ਸਂ | ਸਂ | ਸਂਰੇਂ | ਨੁੀਨੁੀ | ਧ | ਪ | - |
| **ਗਾ** | ऽ | ऽ | ऽ | **ਸਾ** | ऽ | ऽ | ऽ | ऽ | **ਕੋ** | ऽ | **ਇਨ** | **ਪਹੁ** | **ਚ** | **ਨ** | ऽ |
| - | ਧਪ | ਪਮ | ਪਧ | ਮ | ਰੇ | - | - | ਰੇਰੇ | ਰੇ | ਪ | ਪਪ | ਮ | ਰੇ | - | ਸਰੇ |
| ऽ | **ਹਾ**ऽ | ऽऽ | **ਰਾ**ऽ | **ਦੂ** | **ਜਾ** | ऽ | ऽ | **ਅਪੁ** | **ਨੇ** | **ਸਾ** | **ਹਿਬ** | **ਕਾ** | ऽ | ऽ | **ਭਰ** |
| ਨੀ | - | - | ਸ | ਸ | - | - | - | - | | | | | | | |
| **ਵਾ** | ऽ | ऽ | ऽ | **ਸਾ** | ऽ | ऽ | ऽ | ऽ | | | | | | | |

ਝਪਤਾਲ

| × | | 2 | | | 0 | | 3 | | |
|---|---|---|---|---|---|---|---|---|---|
| *ਸਥਾਈ* | | | | | | | | | |
| ਮ | ਪ | ਨੀ | - | ਸਂਰੇਂ | ਨ̱ੀ | ਧਪ | ਪਧ | ਮ | ਮ |
| **ਸਾ** | ಽ | **ਚਾ** | ಽ | ಽಽ | **ਸਾ** | ಽಽ | **ਹਿ**ಽ | ಽ | **ਬ** |
| ਮ | ਰੇ | ਨ਼ੀਨ਼ੀ | - | -ਸ | ਰੇ | ਮ | ਰੇ | - | - |
| **ਸ** | **ਦ** | **ਮਿਹ** | ಽ | **ਰ** | **ਵਾ** | ಽ | **ਣ** | ಽ | ಽ |
| ਰੇ | - | ਮ | - | ਮ | ਪਪ | - | ਪ | - | ਪ |
| **ਬੰ** | ಽ | **ਧੁ** | ಽ | **ਪਾ** | **ਇਆ** | ಽ | **ਮੇ** | ಽ | **ਰੈ** |
| ਪ | ਪ | ਮਧ | ਪ | ਧ | ਮ | - | ਮ | ਰੇ | - |
| **ਸ** | **ਤਿ** | **ਗੁ**ಽ | ಽ | **ਰਿ** | **ਪੂ** | ಽ | **ਰੈ** | ಽ | ಽ |
| ਮ | ਪ | ਨੀ | - | ਸਂਰੇਂ | ਨੀ- | ਧਪ | ਧ | ਮ | ਮ |
| **ਹੋ** | ಽ | **ਈ** | ಽ | **ਸ**ಽ | **ਰ**ಽ | **ਬ**ಽ | **ਕ** | ಽ | **ਲਿ** |
| ਮ | ਰੇ | ਨ਼ੀ | - | ਸ | ਰੇ | (ਮ) | ਰੇ | - | - |
| **ਆ** | ಽ | ಽ | ಽ | ಽ | **ਣ** | ಽ | ಽ | ಽ | ಽ |
| *ਅੰਤਰਾ* | | | | | | | | | |
| ਮ | ਮ | ਪਮ | ਮ | - | ਨੀ | ਨੀ | ਨੀ | - | ਨੀ |
| **ਹ** | ਮ | **ਰੀ**ಽ | ಽ | ಽ | **ਗ** | **ਣ** | **ਤ** | ಽ | **ਨ** |
| ਸਂ | ਸਂ | ਸਂ | ਸਂ | ਸਂ | ਨੀ | - | ਸਂ | ਸਂ | ਸਂ |
| **ਗ** | **ਣੀ** | **ਆ** | ಽ | ಽ | **ਕਾ** | ಽ | **ਈ** | ಽ | ಽ |
| ਨੀ | ਨੀ | ਨੀ | - | ਨੀ | ਸਂ | ਨੀ | ਸਂ | ਪ | -ਪ |
| **ਅ** | **ਪ** | **ਣਾ** | ಽ | ಽ | **ਬਿ** | **ਰ** | **ਦੂ** | ಽ | ಽ**ਪ** |
| ਪਨੀ | ਸਂਰੇਂ | ਨ̱ੀ | - | - | ਨ̱ੀ | (ਨ̱ੀ) | ਧ | ਪ | - |
| **ਛਾ**ಽ | ಽಽ | ಽ | ಽ | ಽ | **ਣਿ** | ಽ | ಽ | ಽ | ಽ |

ਝਪਤਾਲ ਤੋਂ ਬਾਅਦ ਇਸ ਸ਼ਬਦ ਨੂੰ ਤੀਨ ਤਾਲ ਵਿੱਚ ਗਾਇਨ ਕੀਤਾ ਹੋਇਆ ਹੈ। ਤਿੰਨਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | ਮ | ਪ | ਨੀ | ਸਂ | ਨ̱ੀ | ਧ | ਪ | ਮ |
| | | | | | | | | **ਸਾ** | ಽ | **ਚਾ** | ಽ | **ਸਾ** | ಽ | **ਹਿ** | **ਬੁ** |
| ਮ | ਰੇ | ਨੀਨੀ | ਸ | ਰੇ | ਮ | ਰੇ | - | - | ਰੇਰੇ | ਮ | ਪ | ਪਪ | - | ਪ | ਪ |
| **ਸ** | **ਦ** | **ਮਿਹੰ** | **ਰ** | **ਵਾ** | ಽ | **ਣ** | ಽ | ಽ | **ਬੰ**ಽ | **ਧੁ** | **ਪਾ** | **ਇਆ** | ಽ | **ਮੇ** | **ਰੈ** |
| - | ਪਮ | ਪ | ਧ | ਮ | - | ਮ | ਰੇ | - | ਪ | ਨੀ | ਸਂਰੇਂ | ਨ̱ੀ | ਧ | ਪ | ਮ |
| ಽ | **ਸਤਿ** | **ਗੁ** | **ਰਿ** | **ਪੂ** | ಽ | **ਰੈ** | ಽ | ಽ | **ਹੋ** | **ਈ** | **ਸ**ಽ | **ਰ** | **ਬ** | **ਕ** | **ਲਿ** |
| ਰੇ | - | ਨ਼ੀ | ਸ | ਰੇ | ਮ | ਮ | ਰੇ | | | | | | | | |
| **ਆ** | ಽ | ಽ | ಽ | ಽ | ಽ | **ਣੂ** | ಽ | | | | | | | | |
| *ਅੰਤਰਾ* | | | | | | | | - | - | ਮ | ਮ | ਪ | - | ਨੀ | - |
| | | | | | | | | ಽ | ಽ | **ਜੀ** | **ੳ** | **ਪਾ** | ಽ | **ਇ** | ಽ |
| ਸਂ | ਸਂ | ਸਂ | ਸਂ | ਨੀ | ਨੀ | ਸਂ | - | - | ਨੀ | ਨੀ | - | ਨੀ | ਸਂ | ਸਂ | - |
| **ਪਿੰ** | **ਡੁ** | **ਜਿ** | **ਨਿ** | **ਸਾ** | **ਜਿ** | **ਆ** | ಽ | ಽ | **ਦਿ** | **ਤਾ** | ಽ | **ਪੈ** | **ਨ** | **ਣੂ** | ಽ |
| ਪਨੀ | ਸਂਰੇਂ | - | ਨ̱ੀ | - | ਧ | ਪ | - | | | | | | | | |
| **ਖਾ**ಽ | ಽಽ | ಽ | ಽ | ಽ | **ਣੂ** | ಽ | ಽ | | | | | | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਧਨਾਸਰੀ ਮਹਲਾ ੫ ॥ | **Dhanasri, Fifth Guru.** | ਧਨਾਸਰੀ ਪੰਜਵੀਂ ਪਾਤਸ਼ਾਹੀ |
|---|---|---|
| ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥ | He, who sent thee out, has recalled Thee, so return thou home with peace and pleasure. | ਜਿਸ ਨੇ ਤੈਨੂੰ ਬਾਹਰ ਘਲਿਆ ਸੀ, ਉਸੇ ਨੇ ਹੀ ਤੈਨੂੰ ਵਾਪਸ ਸੱਦ ਲਿਆ ਹੈ, ਇਸ ਲਈ ਆਰਾਮ ਤੇ ਆਨੰਦ ਨਾਲ ਤੂੰ ਗ੍ਰਿਹ ਨੂੰ ਮੁੜਿ ਆ। |
| ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥ | In peaceful melody sing thou the praise of God, with gladness and glee and thus acquire an eternal empire. | ਸ਼ਾਂਤਮਈ ਰਾਗ ਅੰਦਰ ਤੂੰ ਖੁਸ਼ੀ ਅਤੇ ਮਲ੍ਹਾਰ ਨਾਲ ਵਾਹਿਗੁਰੂ ਦੀ ਕੀਰਤੀ ਗਾਇਨ ਕਰ, ਅਤੇ ਇਸ ਤਰ੍ਹਾਂ ਸਦੀਵੀ ਸਥਿਰ ਪਾਤਿਸ਼ਾਹੀ ਨੂੰ ਪਰਾਪਤ ਕਰ। |
| ਤੁਮ ਘਰਿ ਆਵਹੁ ਮੇਰੇ ਮੀਤ ॥ | O my friend, come thou into my home. | ਹੇ ਮੈਂਡੇ ਮਿੱਤਰ! ਤੂੰ ਮੇਰੇ ਗ੍ਰਿਹ ਵਿਚ ਆ। |
| ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ | Thine enemies, the Lord Himself has warded off and thy calamity is past. | ਤੇਰੇ ਵੈਰੀ, ਪ੍ਰਭੂ ਨੇ ਖੁਦ ਹੀ ਪਰੇ ਹਟਾ ਦਿੱਤੇ ਹਨ, ਅਤੇ ਤੇਰੀ ਮੁਸੀਬਤ ਟਲ ਗਈ ਹੈ। |
| ਰਹਾਉ ॥ | Pause. | ਠਹਿਰਾਉ। |
| ਪ੍ਰਗਟ ਕੀਨੇ ਪ੍ਰਭ ਕਰਨੈਹਾਰੇ ਨਾਸਨ ਭਾਜਨ ਥਾਕੇ ॥ | The creator-Lord has renowned thee and thine running and rambling have ceased. | ਸਿਰਜਣਹਾਰ-ਸੁਆਮੀ ਨੇ ਤੈਨੂੰ ਪ੍ਰਸਿੱਧ ਕਰ ਦਿੱਤਾ ਹੈ, ਅਤੇ ਤੇਰਾ ਭੱਜਣਾ ਤੇ ਭਟਕਣਾ ਮੁਕ ਗਿਆ ਹੈ। |
| ਘਰਿ ਮੰਗਲ ਵਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥ | In the home are the eternal rejoicings and playing of musical instruments and thy spouse has glorified thee. | ਤੇਰੇ ਧਾਮ ਅੰਦਰ ਸਦੀਵੀ ਖੁਸ਼ੀਆਂ ਅਤੇ ਸੁਰੀਲੇ ਸਾਜ਼ਾਂ ਦੇ ਆਲਾਪ ਹਨ, ਅਤੇ ਤੇਰੇ ਕੰਤ ਨੇ ਤੈਨੂੰ ਮਾਣ ਬਖਸ਼ਿਆ ਹੈ। |
| ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥ | Remain immovable, wabble thou never, and have the mainstay of the Guru's word. | ਅਹਿੱਲ ਰਹੁ, ਤੂੰ ਕਦਾਚਿਤ ਡਿਕਡੋਲੇ ਨਾ ਖਾ ਅਤੇ ਗੁਰਾਂ ਦੀ ਬਾਣੀ ਦੀ ਓਟ ਲੈ। |
| ਜੈ ਜੈਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥ | Thou shalt be hailed all the world through and thy countenance shalt be bright in the Lord's court. | ਸਾਰੇ ਜਹਾਨ ਅੰਦਰ ਤੇਰੀ ਵਾਹ ਵਾਹ ਹੋਵੇਗੀ ਅਤੇ ਸੁਆਮੀ ਦੀ ਦਰਗਾਹ ਅੰਦਰ ਤੇਰਾ ਚਿਹਰਾ ਰੋਸ਼ਨ ਹੋਵੇਗਾ। |
| ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥ | He, to whom the beings belong, Himself transforms them and Himself becomes their succourer. | ਜਿਸ ਦੇ ਜੀਵ ਹਨ, ਉਹ ਖੁਦ ਹੀ ਉਨ੍ਹਾਂ ਦੀ ਕਾਇਆ ਪਲਟ ਦਿੰਦਾ ਹੈ ਅਤੇ ਖੁਦ ਹੀ ਉਨ੍ਹਾਂ ਦਾ ਸਹਾਇਕ ਵੀ ਵੰਞਦਾ ਹੈ। |
| ਅਚਰਜੁ ਕੀਆ ਕਰਨੈ ਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥ | The Creator-Lord has worked a miracle, O Nanak. Ever true is His greatness. | ਸਿਰਜਣਹਾਰ ਸੁਆਮੀ ਨੇ ਇਕ ਕ੍ਰਿਸ਼ਮਾ ਕਰ ਵਿਖਾਲਿਆ ਹੈ, ਹੇ ਨਾਨਕ! ਸਦੀਵ ਸੱਚੀ ਹੈ ਉਸ ਦੀ ਵਿਸ਼ਾਲਤਾ। |

| ਧਨਾਸਰੀ<br>ਭਗਤ ਰਵਿਦਾਸ ਜੀ ਕੀ | **Dhanasri**<br>**Reverend Saint Rav Dass** | ਧਨਾਸਰੀ<br>ਮਾਣਨੀਯ ਸੰਤ ਰਵਿਦਾਸ ਜੀ |
|---|---|---|
| ਚਿਤ ਸਿਮਰਨ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥ | I remember Thee, O Lord in my heart, with mine eyes I behold Thee and I fill mine ears with Thy hymns and sublime praise. | ਆਪਣੇ ਦਿਲ ਵਿਚ ਮੈਂ ਤੈਨੂੰ ਯਾਦ ਕਰਦਾ ਹਾਂ, ਹੇ ਸੁਆਮੀ! ਆਪਣੀਆਂ ਅੱਖਾਂ ਨਾਲ ਮੈਂ ਤੈਨੂੰ ਦੇਖਦਾ ਹਾਂ ਅਤੇ ਮੈਂ ਕੰਨਾਂ ਨੂੰ ਤੇਰੇ ਸ਼ਬਦ ਤੇ ਸ੍ਰੇਸ਼ਟ ਕੀਰਤੀ ਨਾਲ ਭਰਦਾ ਹਾਂ। |
| ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥ | I make my mind the honey-bee. I place Thine feet into my heart and with my tongue I utter Thy Nectar-Name, O Lord. | ਮੈਂ ਆਪਣੇ ਮਨੂਏ ਨੂੰ ਭਉਰਾ ਬਣਾਉਂਦਾ ਹਾਂ। ਮੇਰੇ ਪੈਰਾਂ ਨੂੰ ਆਪਣੇ ਦਿਲ ਵਿਚ ਟਿਕਾਉਂਦਾ ਹਾਂ ਅਤੇ ਆਪਣੀ ਜੀਭ ਨਾਲ ਤੇਰਾ ਸੁਧਾਰਸ ਨਾਮ ਓਚਾਰਦਾ ਹਾਂ, ਹੇ ਪ੍ਰਭੂ। |
| ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥ | May my love for the World Lord decrease not. | ਰਬ ਕਰੇ ਮੇਰਾ ਪਿਆਰ ਸ੍ਰਿਸ਼ਟੀ ਦੇ ਸੁਆਮੀ ਨਾਲੋਂ ਘਟ ਨਾ ਹੋਵੇ। |
| ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ | I have bought it dear in exchange for my soul. | ਮੈਂ ਇਹ, ਆਪਣੀ ਜਿੰਦੜੀ ਦੇ ਵਟਾਂਦਰੇ ਵਿਚ ਅਕਰੀ ਮੁੱਲ ਲਈ ਹੈ। |
| ਰਹਾਉ ॥ | Pause. | ਠਹਿਰਾਉ। |
| ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ | Without the society of saints, Lord's love wells up not and without love, Thy service cannot be performed. | ਸਤਿ ਸੰਗਤ ਦੇ ਬਾਝੋਂ, ਪ੍ਰਭੂ ਦੀ ਪ੍ਰੀਤ ਉਤਪਨ ਨਹੀਂ ਹੁੰਦੀ ਅਤੇ ਪ੍ਰੀਤ ਦੇ ਬਾਝੋਂ ਤੇਰੀ ਸੇਵਾ ਨਹੀਂ ਹੋ ਸਕਦੀ। |
| ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥ | Rav Dass makes one supplication before God;- Preserve Thou my honour, O Sovereign Lord. | ਰਵਿਦਾਸ ਵਾਹਿਗੁਰੂ ਅੱਗੇ ਇਕ ਪ੍ਰਾਰਥਨਾ ਕਰਦਾ ਹੈ– ਤੂੰ ਮੇਰੀ ਇਜ਼ਤ ਅਬਰੂ ਰਖ, ਹੇ ਪਾਤਿਸ਼ਾਹ ਪਰਮੇਸ਼ਰ। |

**ੴ ਅੰਮ੍ਰਿਤ ਕੀਰਤਨ** ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।

Phone : (O) 3312440
Resi. : 5721753

# Sawhney Cloth House

46, Shanker Market, Connaught Circus, New Delhi - 110 001